# ਵਰਿਆਮ

ਸਤੰਬਰ ੧੯੮੭



Sri Satguru Jagjit Singh Ji eLibrary NamdhariElibrary@gmail.com



ਸ੍ਰੀਮਤੀ ਮਹਿੰਦਰ ਕੌਰ ਚਾਵਲਾ ਦੀ ਜੀਵ-ਆਤਮਾ ਨਮਿਤ ਸਮਾਗਮ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆ ਹੇਠ ਹੋਇਆ। ਆਪ ਜੀ ਦੇ ਨਾਲ ਸੰਤ ਤਰਲੋਕ ਸਿੰਘ ਜੀ ਅਤੇ ਹੋਰ ਸੰਗਤ ਬੈਠੀ ਦਿਖਾਈ ਦੇ ਰਹੀ ਹੈ।



ਮੇਲੇ ਸਮੇਂ ਉਪਸਥਿਤ ਸੰਗਤਾਂ ਦਾ ਇਕ ਦ੍ਰਿਸ਼

Sri Satguru Jagjit Singh Ji eLibrary NamdhariElibrary@gmail.com

# 'POONAM'

PROUDLY PRODUCES

LIP-SMACKING
EPOCH-MAKING
MOUTH-WATERING

**Delightful Delectable Delicious**

# BISCUITS

ALREADY INTRODUCED:

Glucose, Roshni, Twinkle, Orange
Pineapple, Elaichi Cream Biscuits

Fully geared to release Shortly Salty Quality Biscuits

## POONAM BISCUITS PVT. LTD.

E-23 M.I. D. C. Ind. Area
Chikalthana, Aurangabad-431210

Telephone : 8707
Telegram : POONAM


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫ਼ਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।



Sri Satguru Jagjit Singh Ji eLibrary NamdhariElibrary@gmail.com

ਸੰਪਾਦਕ : ਜਗਜੀਤ ਸਿੰਘ

ਸੰਪਾਦਕੀ

# ਬੀਬੀ ਮਹਿੰਦਰ ਕੌਰ ਸਿਮ੍ਰਤੀ ਅੰਕ

ਵਰਿਆਮ ਦਾ ਇਹ ਅੰਕ ਬੀਬੀ ਮਹਿੰਦਰ ਕੌਰ ਜਾਵਲਾ ਦੀ ਸਿਮ੍ਰਤੀ ਵਿਚ ਹੈ। ਬੀਬੀ ਜੀ ਨਾਮਧਾਰੀ ਪੰਥ ਦੀ ਪ੍ਰਸਿਧ ਹਸਤੀ ਸੇਠ ਤ੍ਰਲੋਕ ਸਿੰਘ ਜੀ ਦੀ ਅਰਧਾਂਗਣੀ ਸਨ। ਇਸ ਕਰਕੇ ਉਨ੍ਹਾਂ ਨੂੰ ਸੇਠਣੀ ਵਿਸ਼ੇਸ਼ਣ ਨਾਲ ਵੀ ਯਾਦ ਕੀਤਾ ਜਾਂਦਾ ਸੀ। ਸਵਾਲ ਕੀਤਾ ਜਾ ਸਕਦਾ ਹੈ ਕਿ ਇਕ ਸੇਠ-ਪਤਨੀ ਉੱਤੇ ਇਕ ਵਖਰਾ ਅੰਕ ਕਿਉਂ ਜਦ ਕਿ ਬਹੁਤ ਸਾਰੀਆਂ ਵਿਸ਼ੇਸ਼ ਹਸਤੀਆਂ ਦੇ ਜੀਵਨ ਵਖਰੇ ਅੰਕਾਂ ਦੀ ਮੰਗ ਕਰ ਰਹੇ ਹਨ। (ਜਿਸ ਵਿਅਕਤੀ ਬਾਰੇ ਇਹ ਅੰਕ ਹੈ ਉਹ ਆਪ ਵੀ ਅਜਿਹੇ ਕਿਸੇ ਜ਼ਿਕਰ ਦੇ ਵਿਰੁਧ ਸੀ) ਸਵਾਲ ਵਾਜਬ ਹੈ। ਇਹ ਗੱਲ ਸਾਡੇ ਧਿਆਨ ਵਿਚ ਵੀ ਹੈ ਕਿ ਅਜੇਹੀਆਂ ਹਸਤੀਆਂ ਹਨ ਜਿਨ੍ਹਾਂ ਤੇ ਅੰਕ ਨਿਕਲਣੇ ਚਾਹੀਦੇ ਹਨ। ਇਹਨਾਂ ਚੋਂ ਕੁਝ ਮਸ਼ਹੂਰ ਹਨ ਅਤੇ ਕਈ ਗੁਮਨਾਮ ਪਰ ਮਹਾਨ ਗੁਣਾਂ ਨਾਲ ਸੰਪੰਨ। ਜੇ ਸਾਡੀਆਂ ਕਈ ਪ੍ਰਕਾਰ ਦੀਆਂ ਮਜਬੂਰੀਆਂ ਉਹ ਸਾਰੇ ਅੰਕ ਕਢਣ ਅਤੇ ਵਰੀਆ ਛਾਪਣ ਵਿਚ ਰੋਕ ਬਣਦੀਆਂ ਹਨ ਤਾਂ ਇਸ ਦਾ ਇਹ ਅਰਥ ਨਹੀਂ ਕਿ ਹਥਲਾ ਅੰਕ ਕਢਣਾ ਗੈਰ-ਵਾਜਬ ਹੈ।

ਦੁਨੀਆ ਵਿਚ ਚੰਗੇ ਅਤੇ ਮਾੜੇ ਕੰਮ ਕਰਨ ਵਾਲੇ ਹਰ ਪ੍ਰਕਾਰ ਦੇ ਲੋਗ ਹੁੰਦੇ ਹਨ। ਧਨਵਾਨ ਵੀ ਅਤੇ ਗਰੀਬ ਵੀ। ਬਹੁਤਾ ਧਨ ਪਦਾਰਥ ਹੋਣਾ ਕਈ ਪਾਪਾਂ ਨੂੰ ਜਨਮ ਦੇਂਦਾ ਹੈ ਅਤੇ ਅਤਿ ਦੀ ਗਰੀਬੀ ਵੀ ਕਈ ਵਾਰ ਅਜਿਹੇ ਪਾਪ ਕਰਮਾਂ ਦਾ ਕਾਰਨ ਬਣਦੀ ਹੈ। ਪਰ ਐਨ ਇਸ ਦੇ ਵਿਪਰੀਤ ਅਤਿ ਦੀ ਗਰੀਬੀ ਵਿਚ ਕਈਆਂ ਨੇ ਉਚਾ ਸਦਾਚਾਰ ਕਾਇਮ ਰਖਿਆ ਅਤੇ ਸੁਖ ਅਨੰਦ ਦੀਆਂ ਸਿਖਰਾਂ ਛੋਹ ਕੇ ਵੀ ਕੁਝ ਕੁ ਵਿਅਕਤੀ ਆਪਣਾ ਜੀਵਨ ਸਾਫ ਪਾਕ, ਸੇਵਾ ਭਾਵੀ ਅਤੇ ਨਿਮਾਣਾ ਰਖਦੇ ਹਨ।

ਨਾਮਧਾਰੀ ਇਤਿਹਾਸ ਦੇ ਨਵੀਨ ਕਾਲ ਤੇ ਛੋਟੀ ਪਿਛੋਂ ਦਲ ਝਾਤ ਮਾਰੀਏ ਤਾਂ ਬੀਬੀ ਮਹਿੰਦਰ ਕੌਰ ਇਕ ਬਹੁਤ ਵਿਲੱਖਣ ਸ਼ਖਸੀਅਤ ਵਜੋਂ ਉਭਰਦੀ ਹੈ। ਇਹ ਉਹਨਾਂ ਸ਼ਖਸੀਅਤਾਂ ਚੋਂ ਨਹੀਂ ਜੋ ਬਾਰ ਬਾਰ ਸਟੇਜਾਂ ਤੇ ਆਉਣ ਜਾਂ ਅਖਬਾਰੀ ਸੁਰਖੀਆਂ ਵਿਚ ਆਉਣ ਕਰਕੇ ਮਸ਼ਹੂਰ ਹੁੰਦੀਆਂ ਹਨ। ਸਗੋਂ ਇਕ ਅਪਣੇ ਹੀ ਢੰਗ ਦੀ ਨਿਰਮਾਨ ਪਰ ਮਾਨ ਪ੍ਰਾਪਤ ਵਿਅਕਤੀ ਹੈ। ਬੀਬੀ ਮਹਿੰਦਰ ਕੌਰ ਦੇ ਪਤੀ ਸੇਠ ਤ੍ਰਲੋਕ ਸਿੰਘ ਬਹੁਤ ਪ੍ਰਸਿਧ ਵਿਅਕਤੀ ਹਨ। ਧਨ ਕੁਬੇਰ ਹਨ ਪਰ ਜੋ ਪ੍ਰਾਪਤੀ ਬੀਬੀ ਮਹਿੰਦਰ ਕੌਰ ਨੇ ਕੀਤੀ ਉਹ ਸੇਠ ਜੀ ਦੇ ਹਿੱਸੇ ਨਹੀਂ ਆਈ। ਇਹ ਉਹਨਾਂ ਆਪ ਵੀ ਇਕ ਲੇਖ ਵਿਚ ਮੰਨਿਆ ਹੈ। ਬੀਬੀ ਮਹਿੰਦਰ ਕੌਰ ਇਕ ਐਸੀ ਸੁਭਾਗੀ ਇਸਤਰੀ ਸੀ ਜਿਸ ਨੂੰ ਜਨਮ ਤੋਂ ਲੈਕੇ ਅੰਤ ਤਕ ਸੁਖ ਨਸੀਬ ਹੋਇਆ। ਪੇਕਿਆਂ ਦੇ ਵਡੇ ਪਰਵਾਰ ਚੋਂ ਸਹੁਰਿਆਂ ਦੇ ਬਹੁਤ ਵਡੇ ਪਰਵਾਰ ਵਿਚ ਸ਼ਹਿਨਸ਼ਾਹਾਂ ਵਾਂਗ ਪਲੀ। ਪਹਿਲਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਬਾਅਦ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਦੇ ਬਹੁਤੇ ਭਾਗ ਦੀ ਪਾਤਰ ਬਣੀ। ਉਹਨਾਂ ਅਪਣੇ ਇਸ਼ਟ ਦੇਵ ਸਤਿਗੁਰੂ ਨੂੰ ਰੀਝਾਇਆ ਹੋਇਆ ਸੀ। ਉਹ ਉਹਨਾਂ ਵਿਅਕਤੀਆਂ ਵਿਚੋਂ ਸੀ ਜੋ ਸ਼ਿੱਦਤ ਨਾਲ ਇਹ ਕਹਿ ਸਕਦੇ ਹਨ :

> ਸਾਜਨੜੂ ਮੀਤ ਮੇਰਾ
> ਗ੍ਰਿਹਿ ਤੇਰੈ ਸਭ ਕੇਹ
> ਮਾਨੁ ਮਾਂਗਉ ਤਾਨੁ ਮਾਂਗਉ
> ਧਨੁ ਲਖਮੀ ਸੁਤ ਦੇਹ
>
> (ਕਾਨੜਾ ਮ: ੫)

ਬੀਬੀ ਮਹਿੰਦਰ ਕੌਰ ਨੇ ਕੇਵਲ ਮੰਗਿਆ ਹੀ ਨਹੀਂ ਸਗੋਂ ਧਨ ਲਕਸ਼ਮੀ ਸੁਤ ਮਾਨ ਅਤੇ ਤਾਨ ਗੁਰੂ ਤੋਂ ਪ੍ਰਾਪਤ ਕੀਤੇ।

ਬੀਬੀ ਜੀ ਦੀ ਇਹ ਪ੍ਰਾਪਤੀ ਬਹੁਤ ਮਹਾਨ ਸੀ। ਕੋਈ ਵਿਰਲਾ ਹੀ ਏਨੀਆਂ ਦਾਤਾਂ ਪ੍ਰਾਪਤ ਕਰ ਸਕਦਾ ਹੈ ਪਰ ਉਨ੍ਹਾਂ ਦੀ ਪ੍ਰਾਪਤੀ ਇਸ ਤੋਂ ਵੀ ਉਤੇ ਹੈ।

ਮਾਨ ਤਾਨ ਧਨ ਲਕਸ਼ਮੀ ਪਤੀ ਅਤੇ ਯੋਗ ਪੁਤਰ ਧੀਆਂ ਦੇ ਐਸ਼ਵਰਜ ਨੂੰ ਪ੍ਰਾਪਤ ਕਰਕੇ ਵੀ ਉਹਨਾਂ ਇਕ ਨਿਰਮਾਣ ਜੀਵਨ ਬੀਤਾਇਆ, ਕਠਨ ਸੇਵਾ ਭਰਪੂਰ। ਆਪਣੇ ਇਸ਼ਟ ਦੇਵ ਸਤਿਗੁਰੂ ਪ੍ਰਤੀ ਅੰਤਰੀਵ ਕ੍ਰਿਤਗਤਾ ਦਾ ਜੀਵਨ। ਉਹਨਾਂ ਆਪਣਾ ਕੁਝ ਵੀ ਨਾ ਸਮਝਿਆ। ਸਭ ਕੁਝ ਸਤਿਗੁਰਾਂ ਦਾ ਸਮਝਿਆ। ਉਹਨਾਂ ਦਾ ਇਹ ਬੋਧ ਸੀ ਕਿ ਮਨੁਖਾ ਜੀਵਨ ਤੋਂ ਲੈ ਕੇ ਪਦਾਰਥਕ ਤੇ ਪਰਿਵਾਰਕ ਪ੍ਰਾਪਤੀਆਂ ਸਤਿਗੁਰੂ ਦੀ ਹੀ ਦੇਣ ਹੈ ਅਤੇ ਇਹ ਸਭ ਉਸਦੀਆਂ ਹੀ ਹਨ। ਇਹੀ ਕਾਰਨ ਕਿ ਉਹਨਾਂ ਨੇ ਆਪਣਾ ਧਨ ਪਦਾਰਥ ਮਾਨ ਤਾਨ ਪੁਤਰ ਅਤੇ ਪਰਿਵਾਰ ਸਭ ਕੁਝ ਸਤਿਗੁਰਾਂ ਨੂੰ ਅਰਪਿਤ ਕੀਤਾ ਅਤੇ ਅੰਤ ਉਤੇ ਆਪਣਾ ਜੀਵਨ ਵੀ ਉਹਨਾਂ


Sri Satguru Jagjit Singh Ji eLibrary NamdhariElibrary@gmail.com



ਬੀਬੀ ਮਹਿੰਦਰ ਕੌਰ ਜੀ ਦੇ ਜੀਵਨ ਦੇ ਅਤਿ ਉੱਤਮ ਛਿਨ ਦੀ ਤਸਵੀਰ । ਆਪਣੇ ਇਸ਼ਟ ਦੇਵ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਾਵਨ ਚਰਨਾਂ ਵਿਚ । ਆਪਣੇ ਪਤੀ ਸੇਠ ਤਰਲੋਕ ਸਿੰਘ ਜੀ ਦੇ ਸੰਗ ਸਾਥ । ਆਪਣੇ ਗ੍ਰਹਿ ਮੰਦਿਰ ਵਿਚ ਸੁਸ਼ੋਭਿਤ

ਨੂੰ ਸਮਰਪਿਤ ਕਰਦਿਆਂ ਇਸ ਸੰਸਾਰ ਤੋਂ ਵਿਦਾ ਲਈ ।

ਕਬੀਰ ਖਿੰਥਾ ਜਲਿ ਕੋਇਲਾ ਭਈ
ਖਾਪਰੁ ਫੂਟ ਮਫੂਟ
ਜੋਗੀ ਬਪੁੜਾ ਖੇਲਿਓ
ਆਸਨਿ ਰਹੀ ਬਿਭੂਤਿ

ਅਸਾਂ ਇਸ ਗ੍ਰਿਹਸਤ ਵਿਚ ਉਦਾਸ ਰਹਿਣ ਵਾਲੀ ਜੋੜੀ ਨੂੰ ਵੇਖਿਆ ਹੈ । ਉਹ ਸਾਧ ਸੰਗਤ ਦੀ ਸੇਵਾ ਸਤਿਗੁਰੂ ਦਾ ਅੰਗ ਸਮਝਕੇ ਕਰਦੇ ਸਨ । ਜਿਤੇ ਪਹਿਲ ਸੇਵਾ ਵਿਚ ਰਹੀ ਰਹਿਣਾ । ਜਿਥੇ ਉਹਨਾਂ ਦੁਖ ਸਹਿ ਕੇ ਸੁਖ ਵਰਤਾਏ ਉਥੇ ਇਹ ਅਧਿਕਾਰ ਵੀ ਪ੍ਰਾਪਤ ਕੀਤਾ ਕਿ ਲੰਮੇ ਸਮੇਂ ਤਕ ਸਤਿਗੁਰਾਂ ਦਾ ਨਿਵਾਸ ਆਪਣੇ ਮਨ ਅਤੇ ਮੰਦਿਰ ਵਿਚ ਕਰਵਾਇਆ । ਸਾਧ ਸੰਗਤ ਦੀ ਰਜਵੀਂ ਸੇਵਾ ਕੀਤੀ । ਅਤੇ ਅੰਤ ਆਪਣੇ ਸਵਾਸ ਆਪਣੇ ਪਤੀ ਦੀਆਂ ਬਾਹਾਂ ਵਿਚ ਸੰਪੂਰਨ ਕੀਤੇ । ਉਹਨਾਂ ਦੀਆਂ ਯਾਦਾਂ ਬਾਕੀ ਹਨ ਜੋਗੀ ਦੇ ਆਸਨ ਦੀ ਵਿਭੂਤੀ ਵਾਂਗ ।

ਬੀਬੀ ਜੀ ਦੇ ਗੁਜ਼ਰਨ ਵਰ੍ਹੀਣੇ ਤੇ ਪ੍ਰਕਾਸ਼ਤ ਹੋ ਰਿਹਾ ਇਹ ਅੰਕ ਇਸ ਸੇਠ ਪਰਿਵਾਰ ਦੇ ਜਜ਼ਬੇ ਅਤੇ ਪ੍ਰਤਿਭਾ ਦੇ ਅਨਕੂਲ ਜਾਂ ਨਹੀਂ । ਸਾਡੀ ਤਮੰਨਾ ਜ਼ਰੂਰ ਹੈ ਕਿ ਅਸੀਂ ਵੀ ਇਕ ਸਮਕਾਲੀ ਆਦਰਸ਼ ਵਿਅਕਤੀ ਦੀ ਯਾਦ ਵਿਚ ਤਿਲ ਫੁਲ ਭੇਟ ਕਰ ਸਕੇ ਹਾਂ ।

ਇਸ ਅੰਕ ਵਾਸਤੇ ਜਨ ਪ੍ਰਕਾਸ਼ ਦੀ ਸਾਮਗਰੀ ਪਹੁੰਚਾਣ ਅਤੇ ਲੋੜੀਂਦੇ ਸੁਝਾਓ ਦੇਣ ਵਾਸਤੇ ਅਸੀਂ ਸ: ਪ੍ਰੀਤਮ ਸਿੰਘ ਕਵੀ ਜੀ ਦੇ ਧੰਨਵਾਦੀ ਹਾਂ । ਬਹੁਤ ਸਾਰਾ ਮੈਟਰ ਅਤੇ ਤਸਵੀਰਾਂ ਛਪਣੋਂ ਰਹਿ ਗਏ ਹਨ । ਉਹਨਾਂ ਵਿਅਕਤੀਆਂ ਅਤੇ ਲੇਖਕਾਂ ਤੋਂ ਖਿਮਾ ਦੀ ਮੰਗਦੇ ਹਾਂ । ਸਾਡਾ ਸੇਠ ਪਰਿਵਾਰ ਨਾਲ ਕੋਈ ਤਾਲਮੇਲ ਨਹੀਂ ਹੋ ਸਕਿਆ ਅਤੇ ਨਾ ਹੀ ਜਲੰਧਰੋਂ ਕਿਤੇ ਹੋਰ ਪੰਧ ਪਾਇਆ ਜਾ ਸਕਿਆ । ਇਹ ਸਾਡੀ ਮਜਬੂਰੀ ਹੀ ਸੀ । ਐਸੀ ਸਥਿਤੀ ਵਿਚ ਜੇ ਕੋਈ ਨਾਰਾਜ਼ ਹੈ ਪਰ ਕਬੂਲ ਕਰਨ । ਭੁਲ ਚੁਕ ਖਿਮਾ ਕਰਨਾ ਜੀ । ਅੰਤ ਉਤੇ ਸਭ ਤੋਂ ਪਹਿਲਾਂ ਗੱਲ ਕਰਨ ਵਾਲੀ ਗੱਲ ਕਰਦੇ ਹਾਂ । ਸਤਿਗੁਰੂ ਜੀ ਦਾ ਕੋਟਾਨ ਕੋਟ ਧੰਨਵਾਦ ।

—ਜਗਦੀਸ਼ ਸਿੰਘ

**ਸ.ਸ. ਵਣਜਾਰਾ ਬੇਦੀ :** ਪੰਨਾ ੧੬-੧੭ ਤੇ ਰੰਗ-ਸ਼ਬਦ ਹੇਠ ਛਪੀ ਸਾਮੱਗਰੀ ਦੇ ਲੇਖਕ ਪ੍ਰਸਿਧ ਸਾਹਿਤਕਾਰ ਸ. ਸ. ਵਣਜਾਰਾ ਬੇਦੀ ਹਨ ਅਤੇ ਜਾਂਗੇ ਲਿਖਤ "ਪੰਜਾਬੀ ਲੋਕ ਧਾਰਾ ਵਿਸ਼ਵ ਕੋਸ਼" ਵਿਚੋਂ ਧੰਨਵਾਦ ਸਹਿਤ ਪ੍ਰਾਪਤ ਕੀਤੀ ਹੈ । ਖੇਦ ਹੈ ਕਿ ਨਾਂ ਸਿਰ ਇਹ ਗਲ ਛਪਣੋਂ ਰਹਿ ਗਈ ਹੈ ।

—ਸੰਪਾਦਕ

ਮੁਖ ਪੰਨਾ

ਮੁਖ ਪੰਨੇ ਤੇ ਬੀਬੀ ਮਹਿੰਦਰ ਕੌਰ ਦਾ ਸਕੈਚ ਮਸ਼ਹੂਰ ਆਰਟਿਸਟ ਸੁਖਵੰਤ ਨੇ ਬਣਾਇਆ ਹੈ । ਅਸੀਂ ਸੁਖਵੰਤ ਜੀ ਦੇ ਰਿਣੀ ਹਾਂ ।

—ਸੰਪਾਦਕ

Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਸੇਠਾਣੀ ਮਹਿੰਦਰ ਕੌਰ ਜੀ ਦੇ ਪਹਿਲੇ ਵਰ੍ਹੀਣੇ ਤੇ :

# ਸ੍ਰੀ ਸਤਿਗੁਰੂ ਜੀ ਦਾ ਕਥਨ

ਕਵੀਆਂ ਨੇ ਕਵਿਤਾਵਾਂ ਪੜ੍ਹੀਆਂ ਹਨ, ਵਿਦਵਾਨਾਂ ਨੇ ਅਪਣੇ ਅਪਣੇ ਵਿਚਾਰ ਦੱਸੇ ਹਨ, ਛੋਟੇ ਛੋਟੇ ਬੱਚੇ ਅਪਣੇ ਵਿਚਾਰ ਦਸਦੇ ਹਨ। ਉਹ ਸਿਆਸੀ ਵਿਚ ਬੋਲਦੇ ਹਨ। ਇਸ ਵਿਚ ਉਹਨਾਂ ਦਾ ਕਸੂਰ ਨਹੀਂ। ਕਸੂਰ ਉਨ੍ਹਾਂ ਦੇ ਮਾਪਿਆਂ ਦਾ ਹੈ ਜਿਨ੍ਹਾਂ ਉਨ੍ਹਾਂ ਨੂੰ ਪੰਜਾਬੀ ਸਿਖਾਈ ਹੀ ਨਹੀਂ।...

ਅੱਜ ਮਾਂ ਤੋਂ ਵਿਛੜੇ ਬੱਚੇ ਉਸਨੂੰ ਬੜਾ ਯਾਦ ਕਰਦੇ ਹਨ। ਪਰ ਉਹ ਵੀ ਬੱਚੇ ਹਨ ਜੋ ਆਪਣੀ ਮਾਂ ਨੂੰ ਯਾਦ ਨਹੀਂ ਕਰਦੇ। ਇਸ ਕਰਕੇ ਨਹੀਂ ਕਿ ਉਹ ਨਿਰਮੋਹ ਹੋ ਗਏ ਹਨ। ਮੈਂ ਇਹ ਨਹੀਂ ਸਮਝਦਾ ਕਿ ਅਪਣੀ ਮਾਂ ਬੋਲੀ ਨੂੰ ਨਾ ਜਾਣਨਾ ਬਹੁਤ ਵੱਡਾ ਪਾਪ ਹੈ। ਪਰ ਏਦੂੰ ਵੀ ਵੱਡਾ ਪਾਪ ਹੈ, ਗੁਰੂ ਨਾਨਕ ਦੇਵ ਆਦਿ ਗੁਰੂਆਂ ਨੇ ਜਿਸ ਮਾਂ ਬੋਲੀ ਵਿਚ ਬਾਣੀ ਰਚੀ। ਜਿਸਨੂੰ ਪੜ੍ਹਕੇ ਪਤਾ ਲਗਣਾ ਹੈ :

ਕਾਲੁ ਬਿਆਲੁ ਜਿਉ ਪਰਿਓ ਡੋਲੈ
ਮੁਖੁ ਪਸਾਰੇ ਮੀਤ।
ਆਜੁ ਕਾਲਿ ਫੁਨਿ ਤੋਹਿ ਗ੍ਰਸਿ ਹੈ
ਸਮਝਿ ਰਾਖਉ ਚੀਤਿ।

... ... ...

ਸਭਨਾ ਮਰਣਾ ਆਇਆ ਵੇਛੋੜਾ ਸਭਨਾਹ।
ਪੁਛਹੁ ਜਾਇ ਸਿਆਣਿਆ ਆਗੈ ਮਿਲਣੁ ਕਿਨਾਹ।

... ... ...

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ।
ਖਸਮੁ ਵਿਸਾਰਿ ਖੁਆਰੀ ਕੀਨੀ
ਧ੍ਰਿਗੁ ਜੀਵਣੁ ਨਹੀ ਰਹਣਾ।
ਪ੍ਰਾਣੀ ਏਕੋ ਨਾਮੁ ਧਿਆਵਹੁ।
ਅਪਨੀ ਪਤਿ ਸੇਤੀ ਘਰਿ ਜਾਵਹੁ।

ਜਿਸ ਤੋਂ ਇਹ ਪਤਾ ਲਗਣਾ ਹੈ ਕਿ ਮੈਂ ਕਿਵੇਂ ਪਤ ਸੇਤੀ ਅਪਣੇ ਘਰ ਜਾਣਾ ਹੈ। ਉਹ ਪੰਜਾਬੀ ਪੜ੍ਹਨ ਲਈ ਮੈਂ ਅਗੇ ਵੀ ਅਰਜ਼ ਕੀਤੀ ਸੀ, ਬੜਾ ਚਾਹਣਾ ਉਦਾਂ ਕਿਅੰਤ ਸਿੰਘ ਹੁਰੀਂ ਘਰ ਘਰੀਂ ਬੱਚਿਆਂ ਨੂੰ ਜਾਕੇ ਪੜ੍ਹਾਉਣ ਦਾ ਜਤਨ ਕਰਦੇ ਹਨ ਪਰ ਇਹ ਬਹੁਤ ਘੱਟ ਹੈ। ਜਗਦੀਸ਼ ਸਿੰਘ (ਨਰੂਲਾ-ਬੈਂਕੋਕ) ਹੁਰਾਂ ਦਾ ਬੜਾ ਜੀ ਕਰਦਾ ਹੈ ਕਿ ਬੱਚੇ ਸਾਰੇ ਹੀ ਪੰਜਾਬੀ ਪੜ੍ਹਨ ਲਗ ਪੈਣ। ਜੇ ਇਹਨਾਂ ਵਾਂਗ ਹੋਰ ਵੀ ਮਾਪਿਆਂ ਦਾ ਜੀ ਕਰਨ ਲਗ ਪਏ ਤਾਂ ਬੱਚਿਆਂ ਨੂੰ ਪੰਜਾਬੀ ਪੜ੍ਹਨੀ ਜ਼ਰੂਰ ਆ ਜਾਏਗੀ। ਪੰਜਾਬੀ ਪੜ੍ਹਨ ਤੋਂ ਸਾਨੂੰ ਜੀਉਣ ਦੀ ਜਾਚ ਮਿਲਦੀ ਹੈ।



ਸਤਿਗੁਰੂ ਜਗਜੀਤ ਸਿੰਘ ਜੀ

ਜਿਸ ਪੰਜਾਬੀ ਨੂੰ ਪੜ੍ਹਕੇ ਬੀਬੀ ਮਹਿੰਦਰ ਕੌਰ ਨੇ ਬਾਣੀ ਪੜ੍ਹ ਇਹ ਵੇਖਿਆ ਕਿ ਸਤਿਗੁਰੂ ਕਿਸ ਤਰ੍ਹਾਂ ਦਾ ਚਾਹੀਦਾ ਹੈ, ਉਹਨੂੰ ਕਿਵੇਂ ਪ੍ਰਾਪਤ ਕਰੀਏ ? ਮਹਿੰਦਰ ਕੌਰ ਨੂੰ ਇਹ ਪਤਾ ਸੀ ਕਿ ਸਿੱਖ ਬਣ ਜਿਆ ਜਾਵੇ ਸਹੀ ਤੌਰ ਹਰ ਇਕ ਜ਼ਿੰਮੇਵਾਰੀ ਸਤਿਗੁਰੂ ਤੇ ਚਲੀ ਜਾਂਦੀ ਹੈ।

ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ
ਸੇਵਕ ਕਉ ਗੁਰੁ ਸਦਾ ਦਇਆਲ
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ
ਗੁਰ ਬਚਨੀ ਹਰਿ ਨਾਮੁ ਉਚਰੈ...



Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਕੌਣ ਹੈ ? ਸਤਿਗੁਰੂ ਪ੍ਰਤਾਪ ਸਿੰਘ ਸੱਚੇ ਪਾਤਸ਼ਾਹ ਜੀ ਦੇ ਉਪਦੇਸ਼ ਵਿਚ ਆਉਂਦਾ ਹੈ ਜਿਹੜੇ ਵੀ ਆਪਣੇ ਆਪ ਨੂੰ ਇਸ ਤੁਕ ਦੇ ਅਨੁਸਾਰ ਸਤਿਗੁਰੂ ਮੰਨਦੇ ਹਨ, ਉਹ ਪਰਉਪਕਾਰ ਕਰਦੇ ਹਨ । ਕੀ ਉਹ ਸਿੱਖਾਂ ਨੂੰ ਜ਼ਮੀਨ ਲੈ ਦਿੰਦਾ ਹੈ ? ਜਾਂ ਧਨ ਪਦਾਰਥ ਬਖ਼ਸ਼ਦਾ ਹੈ ? ਇਹ ਤਾਂ ਸਭ ਕੁਝ ਸਤਿਗੁਰੂ ਕਰਦਾ ਹੀ ਹੈ ਪਰ ਜਿਹੜਾ ਸਭ ਤੋਂ ਵੱਡਾ ਪਰਉਪਕਾਰ ਕਰਦਾ ਹੈ, ਉਹ ਇਹ ਹੈ :

ਹਰਿ ਨਾਮੁ ਦੀਆ ਗੁਰਿ ਪਰਉਪਕਾਰੀ
ਧਨੁ ਧੰਨੁ ਗੁਰੂ ਕਾ ਪਿਤਾ ਮਾਤਾ ।

ਸਤਿਗੁਰੂ ਦੀ ਨਿਸ਼ਾਨੀ ਕੀ ਹੈ ? ਉਹ ਹਰੀ, ਪ੍ਰਭੂ ਸਾਡਾ ਮੀਤ ਸਖਾਈ, ਬਚਨ ਕਰਨ ਵਾਲਾ :

ਹਰਿ ਪ੍ਰਭ ਸੰਤਨ ਸੇ ਸਾਰ ਨ ਜਾਣੀ !

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਇਸ ਪਰਵਾਰ ਤੇ ਕਿਰਪਾ ਕੀਤੀ ਹੈ ਜਿਨ੍ਹਾਂ ਨੂੰ ਜੀਵਨ ਦੀ ਜਾਚ ਦੱਸੀ ਹੈ ।... ਜਿਨ੍ਹਾਂ ਸਤਿਗੁਰਾਂ ਪਾਸੋਂ ਹੀ ਸਿੱਖੀ ਦੀ ਸਿਖਲਾਈ ਲਈ ਹੋਈ ਸੀ । ਬਾਬਾ ਫੌਜਾ ਸਿੰਘ ਜੀ, ਪਿੰਡ ਉਨ੍ਹਾਂ ਦਾ ਮੰਡੀ ਸੀ, ਕਰੋਲ ਬਾਗ (ਨਵੀਂ ਦਿੱਲੀ) ਤਰਲੋਕ ਸਿੰਘ ਜੀ ਦੇ ਘਰ ਆਏ ਰਹੇ । ਜਦੋਂ ਸਤਿਗੁਰਾਂ ਨੇ ਆਉਣਾ, ਉਹਨਾਂ ਦੀ ਦਰਸ਼ਨ ਕਰਨ ਆਉਣਾ । ਸਤਿਗੁਰੂ, (ਸੱਚੇ ਪਾਤਸ਼ਾਹ ਸਤਿਗੁਰੂ ਪ੍ਰਤਾਪ ਸਿੰਘ ਜੀ) ਦਾ ਤਰਲੋਕ ਸਿੰਘ ਜੀ ਨਾਲ ਪਿਆਰ ਸੀ, ਸਾਧੂ ਦਾ ਉਹਨਾਂ ਨਾਲ ਪਿਆਰ ਸੀ, ਸਾਧੂ ਉਹੀ ਹੈ ਜੋ ਭਜਨ ਬੰਦਗੀ ਨਾਲ ਹੀ ਵਾਸਤਾ ਰਖੇ ।...

ਸਤਿਗੁਰਾਂ ਕਿਰਪਾ ਕੀਤੀ ਫੌਜਾ ਸਿੰਘ ਜੀ ਦੁਆਰਾ ਇਕ ਸਬਕ ਕਰਵਾ ਦਿਤਾ । ਬਚਨ ਪੂਰੇ ਤਾਂ ਹੁੰਦੇ ਹਨ, ਦਵਾ ਦਾਰੂ ਤਾਂ ਲਗਦਾ ਹੈ ਜੇ ਵਿਚ ਸਤਿਗੁਰੂ ਆਪ ਹੋਵੇ ।

ਅਉਖਧੁ ਆਇਓ ਰਾਸਿ ਵਿਚਿ ਆਪਿ ਖਲੋਇਆ ।

ਜਦੋਂ ਵਿਚ ਖਲੋ ਜਾਂਦਾ ਹੈ ਤਦੋਂ ਸਾਰੀਆਂ ਔਖਧੀਆਂ ਰਾਸ ਆ ਜਾਂਦੀਆਂ ਹਨ । ਨਾੜਾਂ ਸਾੜੀਆਂ ਜੇ ਖੂਨ ਖੁਣੋਂ ਖਲੋ ਜਾਣ ਤਾਂ ਖੂਨ ਨਾਲ ਹੀ ਚਲਣਗੀਆਂ । ਜਿਉਂ ਜਿਉਂ ਖੂਨ ਆਉਂਦਾ ਜਾਏਗਾ ਇਹ ਠੀਕ ਤਰ੍ਹਾਂ ਕੰਮ ਕਰਨ ਲਗ ਪੈਣਗੀਆਂ । ਵੇਲਾ ਆ ਗਿਆ ਸੀ । ਬਾਬਾ ਫੌਜਾ ਸਿੰਘ ਇਕ ਦਿਨ ਕਹਿਣ ਲਗਾ : ਬੀਬੀ ਮੋਹਣੀਏ, ਬੀਬੀ ਮੋਹਣੀਏ ਬਾਹਰ ਆ । ਅੰਦਰੋਂ ਬਾਹਰ ਆਈ ਤਾਂ ਬਾਹਰ ਇਕ ਸੂਰਨੀ ਸੀ । ਉਸ ਦੁਆਲੇ ਕਿੰਨੇ ਸਾਰੇ ਬੱਚੇ ਸਨ । ਬਾਬਾ ਫੌਜਾ ਸਿੰਘ ਕਹਿਣ



ਬੀਬੀ ਮਹਿੰਦਰ ਕੌਰ

ਲਗਾ, "ਬੀਬੀ ਮੋਹਣੀਏ, ਇਸ ਤਰ੍ਹਾਂ ਤੇਰੇ ਘਰ ਬੱਚੇ ਹੋਣਗੇ ਫਿਰਨਗੇ । ਸਤਿਗੁਰਾਂ ਕਿਰਪਾ ਕੀਤੀ ਜਿਨ੍ਹਾਂ ਦੇ ਘਰ ਕਦੀ ਬੱਚਾ ਨਹੀਂ ਸੀ ਹੁੰਦਾ ਉਨ੍ਹਾਂ ਦੇ ਘਰ ਸੱਤਾਂ ਦੇ ਕਰੀਬ ਬੱਚੇ ਹੋ ਗਏ । ਸੰਤ ਕੁਝ ਵੀ ਆਖਣ, ਪਰ ਤੱਤ ਦੀ ਗੱਲ ਇਹ ਹੈ ਕਿ ਬੱਚੇ ਹੋ ਗਏ ।...ਸਤਿਗੁਰਾਂ ਜਿਹੜੀ ਜੀਵਨ ਜਾਚ ਦੱਸੀ ਉਸ ਅਨੁਸਾਰ ਸਾਰੇ ਬੱਚੇ ਹਵਨ ਕਰਦੇ ਰਹੇ ਹਨ ।...ਬਲਦੇਵ ਸਿੰਘ (ਸੰਤ ਜੀ ਦਾ ਛੋਟਾ ਲੜਕਾ) ਅਮਰੀਕਾ ਵਿਚ ਹੁੰਦਾ ਹੈ, ਉਹਦੇ ਕੋਲੋਂ ਘਰ ਵਾਲਿਆਂ ਪੁਛਣਾ ਪੁਆਣਾ, ਨਿੱਕਾ ਜਿਹਾ ਹੁੰਦਾ ਸੀ, ਉਸ ਕਹਿਣਾ ਸਤਿਗੁਰਾਂ ਤੋਂ ਅਰਜ਼ ਨਾਲ ਪੁਛਕੇ ਦੱਸਾਂਗਾ । ਉਹਦੀਆਂ ਦੱਸੀਆਂ ਗੱਲਾਂ ਠੀਕ ਹੋ ਜਾਣੀਆਂ ।

ਸਤਿਗੁਰਾਂ ਸਾਨੂੰ ਜੀਵਨ ਦੀ ਜਾਚ ਤਾਂ ਦੱਸੀ ਹੀ, ਮਰਨ ਤੋਂ ਪਿਛੋਂ ਜਿਥੇ ਜਾਣਾ ਹੈ, ਜਿਥੇ ਜਾਣ ਬਿਨਾ ਸਾਡਾ ਕਿਹਾ ਹੀ ਨਹੀਂ ਜਾਣਾ, ਉਹਦੀ ਵੀ ਜਾਚ ਦੱਸੀ :

ਉਦਮ ਕਰਿ ਹਰਿ ਜਾਪਣਾ ਵਡਭਾਗੀ ਧਨ ਖਾਟ
ਸੰਤ ਸੰਗਿ ਹਰਿ ਸਿਮਰਣਾ ਮਲ ਜਨਮ ਜਨਮ ਕੀ ਕਾਟ ।



Sri Satguru Jagjit Singh Ji eLibrary NamdhariElibrary@gmail.com

# ਆਦਿ ਗਰੰਥ ਅਨੁਸਾਰ ਪੁਰਖ

—ਡਾ: ਅਮਰ ਭਾਰਤੀ



ਗੀਤਾ ਤੋਂ ਬਾਅਦ ਭਾਰਤ ਦੇ ਧਾਰਮਿਕ ਸਾਹਿਤ ਵਿਚ ਸ੍ਰੀ ਆਦਿ ਗਰੰਥ ਦੀ ਰਚਨਾ ਫਿਰ ਇਕ ਇਹੋ ਜਿਹੇ ਗਰੰਥ ਦੇ ਰੂਪ ਵਿਚ ਹੋਈ—ਜਿਸ ਵਿਚ ਜੁਗਾਂ ਜੁਗਾਂਤਰਾਂ ਦੇ ਧਾਰਮਿਕ ਚਿੰਤਨ ਨੂੰ, ਇਸ ਗਰੰਥ ਦੀ ਬਾਣੀ ਰਚਨ ਦੇ ਸਮੇਂ ਤਕ ਚਲੇ ਕੁਲ ਮਤ ਮਤਾਂਤਰਾਂ ਨੂੰ ਉਨ੍ਹਾਂ ਦੇ ਸਾਰ ਰੂਪ ਵਿਚ ਪੇਸ਼ ਕੀਤਾ ਤੇ ਗੀਤਾਕਾਰ ਵਾਂਗ—ਸ੍ਰੀ ਆਦਿ ਗਰੰਥ ਦੇ ਬਾਣੀਕਾਰਾਂ ਨੇ ਸਮੁੱਚੇ ਧਾਰਮਿਕ ਚਿੰਤਨ ਬਾਰੇ ਆਪਣਾ ਸਪਸ਼ਟ ਨਿਰਣਾ ਦਿੱਤਾ ਹੈ।

ਗੀਤਾ ਦੇ ਭਗਵਾਨ-ਗੁਰੂ ਨੇ ਪ੍ਰਥਮ ਪੁਰਖ ਦੇ ਰੂਪ ਵਿਚ ਸਾਰੀ ਗੱਲ ਕੀਤੀ ਹੈ। ਓਦੋਂ ਏਸੇ ਸ਼ੈਲੀ ਦੀ ਹੀ ਲੋੜ ਸੀ। ਕਿਉਂਕਿ ਗੁਰੂ ਅਵਤਾਰ ਦੀ ਸਪੱਸ਼ਟ ਧਾਰਨਾ ਨੂੰ ਦ੍ਰਿੜਾਇਆ ਜਾਣਾ ਸੀ। ਮੱਧਮ ਪੁਰਖ ਦੀ ਸ਼ੈਲੀ ਵਿਚ ਜੁਗਾਂ ਤੋਂ ਗੱਲ ਹੁੰਦੀ ਆ ਰਹੀ ਸੀ, ਪਰ ਧਾਰਮਕ ਚਿੰਤਨ ਦਾ ਇਹ ਇਕ ਇਹੋ ਜਿਹਾ ਪੜਾਅ ਸੀ ਜਿਸ ਉਪਰ ਸਾਰੀ ਸੋਚ ਨੂੰ ਨਵੀਂ ਦਿਸ਼ਾ ਦਿਤੀ ਜਾਣੀ ਸੀ। ਅਨੇਕ ਦੇਵੀ ਦੇਵਤਿਆਂ ਤੋਂ ਇਕ ਬ੍ਰਹਮ; ਤੇ ਉਸ ਇਕ ਬ੍ਰਹਮ ਦਾ ਸਾਕਾਰ ਸਰੂਪ ਮਨੁੱਖੀ ਦੇਹ ਵਿਚ 'ਗੁਰੂ' ਦੇ ਰੂਪ ਵਿਚ ਪ੍ਰਕਾਸ਼। ਇਹ ਤਾਂ ਹੀ ਸੰਭਵ ਸੀ—ਜੇ ਭਗਵਾਨ-ਗੁਰੂ ਸਾਹਮਣੇ ਖੜੋ ਕੇ ਮੂੰਹੋਂ ਬੋਲ ਕੇ ਆਖਦਾ ਕਿ ''ਉਹ ਮੈਂ ਹੀ ਹਾਂ ਜਿਹੜਾ ਤੇਰੇ ਹਿਰਦੇ ਦੇ ਅੰਦਰ ਹਾਂ—ਤੇਰਾ ਸਭ ਤੋਂ ਵਧ ਆਪਣਾ—ਤੇਰਾ ਆਪਣਾ ਆਪ। ਮੇਰੇ ਵਿਚ ਹੀ ਸਾਰਾ ਬ੍ਰਹਿਮੰਡ ਹੈ। ਮੈਂ ਹੀ ਵਿਰਾਟ ਹਾਂ, ਮੈਂ ਹੀ ਅਤੀ ਸੂਖਮ ਹਾਂ। ਮੈਂ ਹੀ ਤੇਰਾ ਮੀਤ ਹਾਂ, ਤੇਰਾ ਪਿਤਾ ਹਾਂ, ਮਾਤਾ, ਪੁੱਤਰ ਹਾਂ, ਭ੍ਰਾਤਾ ਹਾਂ, ਸਵਾਮੀ ਹਾਂ ਤੇ ਸੇਵਕ ਹਾਂ।'' ਧਾਰਮਕ ਚਿੰਤਨ ਵਿਚ ਗੀਤਾਕਾਰ ਦੀ ਸਭ ਤੋਂ ਪ੍ਰਮੁਖ ਦੇਣ—ਮਨੁੱਖ ਦੇਹਧਾਰੀ ਭਗਵਾਨ-ਗੁਰੂ ਹੈ ਤੇ ਏਸੇ ਦੇਣ ਨੇ ਹੀ ਸਾਰੀ ਸੋਚ ਦਾ ਮਹਾਨ ਬਦਲ ਦਿੱਤਾ।

ਸ੍ਰੀ ਆਦਿ ਗਰੰਥ ਦੇ ਬਾਣੀਕਾਰਾਂ ਨੇ ਭਗਵਾਨ-ਗੁਰੂ ਨੂੰ ਮੱਧਮ ਪੁਰਖ ਦੇ ਰੂਪ ਵਿਚ ਬਿਆਨ ਕੀਤਾ ਹੈ ਤੇ ਇਹ ਗੱਲ ਦਾਅਵੇ ਨਾਲ ਆਖੀ ਜਾ ਸਕਦੀ ਹੈ ਕਿ ਆਦਿ ਗਰੰਥ ਦੇ ਬਾਣੀਕਾਰਾਂ ਨੇ ਗੀਤਾ ਦੇ ਭਗਵਾਨ-ਗੁਰੂ ਨੂੰ ਇਕ ਅਰਜੁਨ ਦੇ ਭਗਵਾਨ-ਗੁਰੂ ਅਤੇ ਮੀਤ ਗੁਰੂ ਨੂੰ ਜਨ ਜਨ ਦਾ ਮੀਤ ਗੁਰੂ ਬਣਾ ਦਿੱਤਾ ਹੈ।

ਗੁਰਬਾਣੀ ਵਿਚ ਹਰੀ ਨਿਰਗੁਣ ਵੀ ਹੈ ਤੇ ਸਰਗੁਣ ਵੀ। ਅਰੂਪ ਵੀ ਅਤੇ ਰੂਪ ਵਾਲਾ ਵੀ। ਪਰ ਉਹ ਜਿਸ ਰੰਗ ਵਿਚ ਵੀ ਹੈ, ਆਪੇ ਆਪ ਹੈ। ਦੂਜਾ ਕੋਈ ਨਹੀਂ। ਅਤੇ ਉਸ ਨੂੰ ਜਾਣਿਆਂ ਜਾ ਸਕਦਾ ਹੈ ਸਤਿਗੁਰ ਰਾਹੀਂ—'ਸਤਿਗੁਰ ਪ੍ਰਸਾਦਿ' ਨਾਲ।

ਅਲਖ ਅਪਾਰ ਅਗੰਮ ਅਗੋਚਰ ਨਾ ਤਿਸੁ ਕਾਲੁ ਨ ਕਰਮਾ ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ ॥
ਸਾਚੇ ਸਚਿਆਰ ਵਿਟਹੁ ਕੁਰਬਾਣੁ ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ ॥ ਰਹਾਉ ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ ॥
ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ ॥
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ ॥
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ ॥
(ਸੋਰਠ ਮਹਲਾ ੧, ਆਦਿ ਗਰੰਥ ਪੰਨਾ ੫੯੭)

ਦੂਜਾ ਰੂਪ ਦਸਿਆ ਹੈ :

ਪ੍ਰਭ ਧਰਤੀ ਪ੍ਰਭ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ ॥
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ॥
ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ ॥
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ ॥ ਰਹਾਉ ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ ॥
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ ॥
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ ॥
(ਸੋਰਠ ਮਹਲਾ ੧, ਆਦਿ ਗਰੰਥ ਪੰਨਾ ੫੯੬)

ਆਪੇ ਧਾਣੀ ਆਪੇ ਬਾਣੀ ਆਪੇ ਖੰਡ ਵਰਭੰਡ ਕਰੇ ॥



Sri Satguru Jagjit Singh Ji eLibrary NamdhariElibrary@gmail.com

ਆਪਿ ਸਮੁੰਦੁ ਆਪਿ ਹੈ ਸਾਗਰ ਆਪੇ ਹੀ ਵਿਚਿ ਰਤਨ ਘਣੇ ॥
ਆਪਿ ਲਹਾਇ ਕਰੇ ਜਿਸੁ ਕਿਰਪਾ ਜਿਸ ਨੋ ਗੁਰਮੁਖਿ ਕਰੇ ਹਰੇ ॥
ਆਪੇ ਭਉਜਲੁ ਆਪਿ ਬੋਹਿਥਾ ਆਪੇ ਖੇਵਟੁ ਆਪਿ ਤਰੇ ॥
ਆਪੇ ਕਰੇ ਕਰਾਏ ਕਰਤਾ ਅਵਰੁ ਨ ਦੂਜਾ ਤੁਝੈ ਸਰੇ ॥
(ਸਲੋਕ ਮਹਲਾ ੩, ਆਦਿ ਗ੍ਰੰਥ ਪੰਨਾ ੫੫੨)

ਹਰੀ ਜਿਸ ਰੰਗ ਵਿਚ ਵੀ ਹੈ—ਉਸ ਨੂੰ ਜਾਣਨ ਲਈ ਗੁਰੂ ਸਤਿਗੁਰੂ, ਗੁਰਮੁਖਿ, ਸਾਧ, ਸੰਤ (ਇਹ ਸਭੇ ਨਾਂ ਸਤਿਗੁਰੂ ਦੇ ਹਨ) ਦੀ ਲੋੜ ਹੈ।

ਏਕਸ ਬਿਨੁ ਮੈਂ ਅਵਰੁ ਨ ਜਾਨਾ ਸਤਿਗੁਰਿ ਬੂਝ ਬੁਝਾਈ ॥
ਅਗਮ ਅਗੋਚਰੁ ਅਨਾਥੁ ਅਜੋਨੀ ਗੁਰਮਤਿ ਏਕੋ ਜਾਨਿਆ ॥
ਸੁਭਰ ਭਰੇ ਨਾਹੀ ਚਿਤੁ ਡੋਲੈ ਮਨ ਹੀ ਤੇ ਮਨੁ ਮਾਨਿਆ ॥
ਗੁਰ ਪਰਸਾਦੀ ਅਕਥਉ ਕਥੀਐ ਕਹਉ ਕਹਾਵੈ ਸੋਈ ॥
ਨਾਨਕ ਦੀਨ ਦਇਆਲ ਹਮਾਰੇ ਅਵਰੁ ਨਾ ਜਾਨਿਆ ਕੋਈ।
(ਸਾਰੰਗ ਅਸਟਪਦੀਆ ਮਹਲਾ ੧ ਆਦਿ ਗ੍ਰੰਥ ਪੰਨਾ ੧੨੩੩)

ਸਵਾਲ ਸਿਧਾਂਤ ਦਾ ਹੈ। ਗੁਰੂ ਦੇਹਧਾਰੀ ਹੀ ਹੋਵੇ ਜਾਂ ਕਿਸੇ ਵੀ ਹੋਰ ਰੂਪ ਵਿਚ? ਸਤਿਗੁਰੂ ਰਾਮ ਦਾਸ ਜੀ ਮਹਾਰਾਜ ਨੇ ਦੇਹਧਾਰੀ ਗੁਰੂ ਦੀ ਲੋੜ ਨੂੰ ਜ਼ਰੂਰੀ ਦਸਦਿਆਂ ਉਹ ਦਲੀਲ ਦਿੱਤੀ ਹੈ ਜਿਸ ਤੋਂ ਅਗੇ ਹੋਰ ਕੋਈ ਦਲੀਲ ਚੱਲ ਹੀ ਨਹੀਂ ਸਕਦੀ। ਆਪ ਨੇ ਫੁਰਮਾਇਆ ਹੈ:

ਗੁਰ ਸੇਵਾ ਆਪਿ ਹਰਿ ਭਾਵੈ ॥
ਕ੍ਰਿਸਨੁ ਬਲਭਦ੍ਰੁ ਗੁਰਪਗ ਲਗਿ ਧਿਆਵੈ।
(ਗਉੜੀ ਗੁਆਰੇਰੀ ਮਹਲਾ ੪ ਆਦਿ ਗ੍ਰੰਥ ਪੰਨਾ ੧੬੪)

ਜਿਹੜਾ ਕ੍ਰਿਸ਼ਨ ਆਪ ਹਰੀ ਹੈ। ਜਿਸ ਨੇ ਭਗਵਾਨ-ਗੁਰੂ ਦੇ ਦੇਹਧਾਰੀ ਰੂਪ ਵਿਚ ਜਨਮ ਲਿਆ ਹੈ ਉਹ ਖੁਦ ਮਿਸਾਲ ਕਾਇਮ ਕਰਦਾ ਹੈ। ਹਰੀ ਆਪ ਮਨੁੱਖਾ ਦੇਹ ਧਾਰ ਕੇ ਗੁਰੂ ਦੇ ਰੂਪ ਵਿਚ ਆਉਂਦਾ ਹੈ ਤਦ ਵੀ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਦੇਹ ਦੇ ਧਰਮ ਨੂੰ ਨਿਭਾਉਂਦਿਆਂ ਹੋਇਆਂ ਦੇਹਧਾਰੀ ਗੁਰੂ ਧਾਰਨ ਕਰੇ। ਸਤਿਗੁਰੂ ਰਾਮ ਦਾਸ ਜੀ ਫੁਰਮਾਉਂਦੇ ਹਨ ਕਿ ਸ੍ਰੀ ਕ੍ਰਿਸ਼ਨ ਨੇ ਹਰੀ ਹੁੰਦਿਆਂ ਹੋਇਆਂ ਵੀ 'ਸੰਦੀਪਨ' ਰਿਸ਼ੀ ਨੂੰ ਗੁਰੂ ਧਾਰਿਆ, ਉਸ ਦੀ ਸੇਵਾ ਕੀਤੀ ਤੇ ਉਸ ਦੇ ਚਰਨਾਂ ਨੂੰ ਪੂਜਿਆ।

ਗੁਰ ਸੇਵਾ ਬਾਰੇ ਤੀਜੇ ਸਤਿਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ—ਕਿ ਗੁਰੂ ਦੀ ਸੇਵਾ ਹਰੇ ਜੁਗਾਂ ਵਿਚ ਹੀ ਹੋਈ ਹੈ—

ਗੁਰ ਸੇਵਾ ਜੁਗ ਚਾਰੇ ਹੋਈ ॥
ਪੂਰਾ ਜਨੁ ਕਾਰ ਕਮਾਵੈ ਕੋਈ ॥
ਅਖੁਟੁ ਨਾਮ ਧਨੁ ਹਰਿ ਤੋਟਿ ਨ ਹੋਈ ॥
ਐਥੈ ਸਦਾ ਸੁਖੁ ਦਰਿ ਸੋਭਾ ਹੋਈ।
ਏ ਮਨ ਮੇਰੇ ਭਰਮੁ ਨ ਕੀਜੈ ॥
ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥
(ਗਉੜੀ ਗੁਆਰੇਰੀ ਮਹਲਾ ੩ ਆਦਿ ਗ੍ਰੰਥ ਪੰਨਾ ੧੬੧)

ਕੋਈ ਭੁਲੇਖਾ ਨਹੀਂ। ਇਹ ਗੁਰੂ ਸੇਵਾ ਵਾਲੀ ਕਾਰ ਉਹੋ ਹੀ ਕਮਾ ਸਕਦਾ ਹੈ ਜਿਹੜਾ ਹਰੀ ਨੂੰ ਪੂਰੀ ਤਰ੍ਹਾਂ ਸਮਰਪਤ ਹੈ, ਉਸ ਦਾ 'ਜਨੁ' ਹੈ। ਤੇ ਜੇ ਇਹ ਕਾਰ ਕਮਾ ਲਵੇ ਤਾਂ ਐਥੇ—ਇਸ ਜਗਤ ਵਿਚ—ਸੁਖ ਮਿਲਦਾ ਹੈ ਅਤੇ ਹਰੀ ਦੇ ਦਰ ਤੇ ਗਿਆਂ ਸੋਭਾ ਮਿਲਦੀ ਹੈ। ਸਤਿਗੁਰੂ ਜੀ ਭੁਲੇਖਾ ਕੱਢਣ ਲਈ ਹੀ ਕਹਿੰਦੇ ਹਨ—

ਏ ਮਨ ਮੇਰੇ ਭਰਮੁ ਨ ਕੀਜੈ ॥
ਗੁਰਮੁਖਿ ਸੇਵਾ ਅੰਮ੍ਰਿਤ ਰਸੁ ਪੀਜੈ ॥

ਸਤਿਗੁਰਾਂ ਨੇ ਆਪ ਹੀ ਗੁਰੂ ਨੂੰ ਬੋਹਿਥ (ਜਹਾਜ਼) ਕਿਹਾ ਹੈ—ਜਿਹੜਾ ਸੰਸਾਰ ਸਾਗਰ ਤੋਂ ਪਾਰ ਕਰ ਕੇ ਹਰੀ ਨਾਲ ਮਿਲਾਉਂਦਾ ਹੈ। ਉਸ ਦੀ ਨਿਸ਼ਾਨੀ ਵੀ ਦੱਸੀ ਹੈ—

ਸਗਲ ਪਦਾਰਥ ਤਿਸੁ ਮਿਲੇ ਜਿਨਿ ਗੁਰੁ ਡਿਠਾ ਜਾਇ ॥
ਗੁਰ ਚਰਣੀ ਜਿਨ ਮਨੁ ਲਗਾ ਸੇ ਵਡਭਾਗੀ ਮਾਇ ॥
ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ ॥
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ ॥
ਕਿਤੁ ਮੁਖਿ ਗੁਰੁ ਸਾਲਾਹੀਐ ਕਰਣ ਕਾਰਣ ਸਮਰਥੁ ॥
ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥
ਗੁਰਿ ਅੰਮ੍ਰਿਤ ਨਾਮੁ ਪੀਆਲਿਆ ਜਨਮ ਮਰਨ ਕਾ ਪਥੁ ॥
ਗੁਰੁ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ ।
ਸਤਿਗੁਰੁ ਗਹਿਰ ਗਭੀਰੁ ਹੈ ਸੁਖ ਸਾਗਰੁ ਅਘ ਖੰਡੁ ।
ਜਿਨਿ ਗੁਰੁ ਸੇਵਿਆ ਆਪਣਾ ਜਮਦੂਤ ਨ ਲਾਗੈ ਡੰਡੁ ।
ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥
ਨਾਮੁ ਨਿਧਾਨੁ ਸਤਿਗੁਰਿ ਦੀਆ ਸੁਖੁ ਨਾਨਕ ਮਨ ਮਹਿ ਮੰਡੁ।
(ਸ੍ਰੀ ਰਾਗ ਮਹਲਾ ੫ ਆਦਿ ਗ੍ਰੰਥ ਪੰਨਾ ੫੨)

ਏਥੇ ਜਦੋਂ ਇਹ ਕਿਹਾ ਜਾਂਦਾ ਹੈ—

ਗੁਰ ਪਰਮੇਸਰੁ ਪਾਰਬ੍ਰਹਮ ਗੁਰ ਡੁਬਦਾ ਲਏ ਤਰਾਇ ॥
ਕਿਤੁ ਮੁਖਿ ਗੁਰਿ ਸਾਲਾਹੀਐ ਕਰਣ ਕਾਰਣ ਸਮਰਥੁ ॥

ਤਾਂ ਇਹ ਓਹੋ ਅਧਿਕਾਰ ਦਰਸਾਇਆ ਜਾਂਦਾ ਹੈ ਜਿਸ ਅਧਿਕਾਰ ਨਾਲ ਭਗਵਾਨ ਕ੍ਰਿਸ਼ਨ ਨੇ ਕਿਹਾ ਸੀ—ਮੈਂ ਹੀ ਪਰਮੇਸ਼ਰ ਹਾਂ। ਏਥੇ ਵੀ ਗੁਰੂ ਜੀ ਗੁਰੂ ਬਾਰੇ ਕਹਿ ਰਹੇ ਹਨ ਕਿ "ਗੁਰ ਪਰਮੇਸਰੁ ਸੇਵਿਆ ਭੈ ਭੰਜਨੁ ਦੁਖ ਲਥੁ।" ਫਿਰ ਕਹਿੰਦੇ ਹਨ—

ਗੁਰ ਨਾਲਿ ਤੁਲਿ ਨ ਲਗਈ ਖੋਜਿ ਡਿਠਾ ਬ੍ਰਹਮੰਡੁ ॥

ਗੁਰੂ ਦੇ ਤੁਲ ਹੋਰ ਕੁਝ ਵੀ ਨਹੀਂ ਹੋ ਸਕਦਾ। ਫਿਰ ਫੁਰਮਾਉਂਦੇ ਹਨ—

ਸੇ ਮਥੇ ਨਿਹਚਲ ਰਹੇ ਜਿਨ ਗੁਰਿ ਧਾਰਿਆ ਹਥੁ ॥



Sri Satguru Jagjit Singh Ji eLibrary NamdhariElibrary@gmail.com

ਗੁਰੂ ਦਾ ਹੱਥ ਤਾਂ ਮਨੁੱਖਾ ਦੇਹੀ ਵਾਲਾ ਹੱਥ ਹੀ ਹੋ ਸਕਦਾ ਹੈ—ਨਿਰਗੁਣ ਨਿਰਾਕਾਰ ਹਰੀ ਆਪਣੇ ਸਰਗੁਣ ਗੁਰੂ ਸਰੂਪ ਰਾਹੀਂ ਹੀ ਇਹ ਕਾਰਜ ਕਰ ਸਕਦਾ ਹੈ।

ਸਵਾਲ ਹੈ ਕਿ ਬਾਣੀ, ਗੁਰੂ-ਹਰੀ ਦੇ ਤੁਲ ਹੋ ਸਕਦੀ ਹੈ ? ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ—

ਅਖਰੀ ਨਾਮੁ ਅਖਰੀ ਸਾਲਾਹ ॥
ਅਖਰੀ ਗਿਆਨੁ ਗੀਤ ਗੁਣ ਗਾਹ ॥
ਅਖਰੀ ਲਿਖਣੁ ਬੋਲਣੁ ਬਾਣਿ ॥
ਅਖਰਾ ਸਿਰਿ ਸੰਜੋਗੁ ਵਖਾਣਿ ॥
ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ
ਜਿਵ ਫੁਰਮਾਏ ਤਿਵ ਤਿਵ ਪਾਹਿ ॥

—ਜਪੁ ਆਦਿ ਗ੍ਰੰਥ ਪੰਨਾ ੩)

ਜਿਸ ਨੇ ਇਹ ਅਖਰ ਲਿਖੇ ਹਨ ਉਹ ਇਨ੍ਹਾਂ ਅੱਖਰਾਂ ਤੋਂ ਉਪਰ ਹੈ।

ਦ੍ਰਿਸਟਿਮਾਨ ਅਖਰ ਹੈ ਜੇਤਾ ॥
ਨਾਨਕ ਪਾਰਬ੍ਰਹਮ ਨਿਰਲੇਪਾ ॥

(ਬਾਵਨ ਅੱਖਰੀ ਮਹਲਾ ੫ ਆਦਿ ਗ੍ਰੰਥ ਪੰਨਾ ੨੬੧)

ਗੁਰੂ ਪਾਰਬ੍ਰਹਮ ਹੈ—ਇਸ ਲਈ ਉਹ ਆਪਣੀ ਰਚਨਾ ਤੋਂ ਉਪਰ ਹੈ—ਰਚਨਾ ਉਸ ਦੇ ਤੁਲ ਨਹੀਂ।

ਗੁਰੁ ਪਰਮੇਸਰੁ ਪੂਜੀਐ ਮਨਿ ਤਨਿ ਲਾਇ ਪਿਆਰੁ ॥
ਸਤਿਗੁਰੁ ਦਾਤਾ ਜੀਅ ਕਾ ਸਭਸੈ ਦੇਇ ਅਧਾਰੁ ।
ਸਤਿਗੁਰ ਬਚਨ ਕਮਾਵਣੇ ਸਚਾ ਏਹੁ ਵੀਚਾਰੁ ॥
ਬਿਨੁ ਸਾਧੂ ਸੰਗਤਿ ਰਤਿਆ ਮਾਇਆ ਮੋਹੁ ਸਭੁ ਛਾਰੁ ॥
ਮੇਰੇ ਸਾਜਨ ਹਰਿ ਹਰਿ ਨਾਮੁ ਸਮਾਲਿ ॥
ਸਾਧੂ ਸੰਗਤਿ ਮਨਿ ਵਸੈ ਪੂਰਨ ਹੋਵੈ ਘਾਲ ॥ ਰਹਾਉ ॥
ਗੁਰੁ ਸਮਰਥੁ ਅਪਾਰੁ ਗੁਰੁ ਵਡਭਾਗੀ ਦਰਸਨੁ ਹੋਇ ।
ਗੁਰੁ ਅਗੋਚਰੁ ਨਿਰਮਲਾ ਗੁਰ ਜੇਵਡੁ ਅਵਰੁ ਨ ਕੋਇ ॥
ਗੁਰੁ ਕਰਤਾ ਗੁਰੁ ਕਰਣਹਾਰੁ ਗੁਰਮੁਖਿ ਸਚੀ ਸੋਇ ॥
ਗੁਰ ਤੇ ਬਾਹਰਿ ਕਿਛੁ ਨਹੀ ਗੁਰੁ ਕੀਤਾ ਲੋੜੇ ਸੁ ਹੋਇ ॥
ਗੁਰੁ ਤੀਰਥੁ ਗੁਰੁ ਪਾਰਜਾਤੁ ਗੁਰੁ ਮਨਸਾ ਪੂਰਣਹਾਰੁ ।
ਗੁਰੁ ਦਾਤਾ ਹਰਿ ਨਾਮੁ ਦੇਇ ਉਧਰੈ ਸਭੁ ਸੰਸਾਰੁ ॥
ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ ॥
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ ।
ਜਿਤੜੇ ਫਲ ਮਨਿ ਬਾਛੀਅਹਿ ਤਿਤੜੇ ਸਤਿਗੁਰ ਪਾਸਿ ॥
ਪੂਰਬ ਲਿਖੇ ਪਾਵਣੇ ਸਾਚੁ ਨਾਮੁ ਦੇ ਰਾਸਿ ॥
ਸਤਿਗੁਰ ਸਰਣੀ ਆਇਆਂ ਬਾਹੁੜਿ ਨਹੀ ਬਿਨਾਸੁ ॥
ਹਰਿ ਨਾਨਕ ਕਦੇ ਨ ਵਿਸਰਹੁ ਏਹੁ ਜੀਉ ਪਿੰਡੁ ਤੇਰਾ ਸਾਸੁ ॥

(ਸ੍ਰੀ ਰਾਗ ਮਹਲਾ ੫ ਆਦਿ ਗ੍ਰੰਥ ਪੰਨਾ ੫੨)

ਰਿਵੀਊ

# ਪ੍ਰੇਮ ਚੰਦ ਅਤੇ ਪ੍ਰਗਤੀਵਾਦ

ਲੇਖਕ—ਅਸ਼ੋਕ ਵਸ਼ਿਸ਼ਠ

ਪ੍ਰਕਾਸ਼ਕ—ਲੋਕ ਲਿਖਾਰੀ ਸਭਾ, ਜਲੰਧਰ।

ਅਸ਼ੋਕ ਵਸ਼ਿਸ਼ਠ ਇਸ ਪੁਸਤਕ ਤੋਂ ਪਹਿਲਾਂ "ਮਜ਼ਾਕ" (ਨਾਟਕ), "ਪ੍ਰੀਤ ਚਿਣਗਾਂ" (ਕਹਾਣੀ ਸੰਗ੍ਰਹਿ), "ਪੂਰਨ ਭੰਗੀ" (ਅਨੁਵਾਦ) ਅਤੇ "ਮਹਾਂ ਪੰਡਿਤ ਰਾਹੁਲ ਸਾਂਸਕ੍ਰਿਤਯਾਨ ਪੁਸਤਕਾਂ ਪੰਜਾਬੀ ਸਾਹਿਤ ਨੂੰ ਦੇ ਚੁੱਕਾ ਹੈ।

ਪ੍ਰੇਮ ਚੰਦ ਜੀ ਨੇ ਇਸ ਸਦੀ ਦੇ ਤੀਜੇ-ਚੌਥੇ ਦਹਾਕੇ ਵਿਚ ਸਮਕਾਲੀ ਸਮਾਜ ਦੀ ਨਬਜ਼ ਨੂੰ ਟੋਹਿਆ। ਉਨ੍ਹਾਂ ਹਿੰਦੀ ਨਾਵਲ ਨੂੰ ਧਾਰਮਿਕ ਤੇ ਅਧਿਆਤਮਕ ਕੈਦ ਵਿਚੋਂ ਰਿਹਾ ਕਰਵਾਕੇ ਸਮਾਜ ਦੇ ਠੋਸ ਤੇ ਮੋਕਲੇ ਧਰਾਤਲ ਉਤੇ ਲਿਆ ਖੜਾ ਕੀਤਾ। ਇਸੇ ਕਰਕੇ ਮੁਣਸ਼ੀ ਜੀ ਦੇ ਸਾਹਿਤ ਨੂੰ ਪੂਰਵ ਸੁਤੰਤਰਤਾ ਕਾਲ ਦੇ ਭਾਰਤੀ ਇਤਿਹਾਸ ਦਾ ਸ਼ੀਸ਼ਾ ਆਖਿਆ ਜਾਂਦਾ ਹੈ।

ਹਰ ਮਹਾਨ ਕਲਾਕਾਰ ਆਪਣੇ ਸਮੇਂ ਨੂੰ ਪਾਰ ਕਰਕੇ ਅਗਾਂਹ ਭਵਿਖ ਦੇ ਸਮੇਂ ਤੇ ਵੀ ਆਪਣੀ ਛਾਪ ਛੱਡ ਜਾਂਦਾ ਹੈ। ਮੁਣਸ਼ੀ ਜੀ ਅੱਜ ਵੀ ਓਨੇ ਹੀ ਹਰਮਨ ਪਿਆਰੇ ਹਨ ਤੇ ਮਹਾਨ ਹਨ। ਮੁਣਸ਼ੀ ਪ੍ਰੇਮ ਚੰਦ ਜੀ ਦੇ ਵਿਚਾਰ ਵਿਚ ਪ੍ਰਗਤੀਸ਼ੀਲ ਸਾਹਿਤ ਉਹ ਸਾਹਿਤ ਹੈ, ਜਿਹੜਾ ਸਾਨੂੰ ਜੀਵਨ ਵਿਚ ਅੱਗੇ ਵਧਣ ਦੀ ਪ੍ਰੇਰਨਾ ਦਿੰਦਾ ਹੈ, ਆਪਾ ਪੜਚੋਲ ਕਰਨ ਦੀ ਜਾਚ ਦੱਸਦਾ ਹੈ ਅਤੇ ਸਾਡੇ ਵਿਚ ਪ੍ਰਗਤੀ ਦੀ ਤੇਜ਼ ਪ੍ਰਗਤੀ ਪੈਦਾ ਕਰਦਾ ਹੈ।

"ਪ੍ਰੇਮ ਚੰਦ ਅਤੇ ਪ੍ਰਗਤੀਵਾਦ" ਦੇ ਸਿਰਲੇਖ ਹੇਠ ਇਹ ਪੁਸਤਕ ਲਿਖਕੇ ਨੌਜਵਾਨ ਲੇਖਕ ਅਸ਼ੋਕ ਵਸ਼ਿਸ਼ਠ ਨੇ ਪੰਜਾਬੀ ਪਾਠਕਾਂ ਨੂੰ ਪ੍ਰੇਮ ਚੰਦ ਜੀ ਦੇ ਜੀਵਨ ਨੂੰ ਸਮਝਣ, ਉਹਨਾਂ ਦੀਆਂ ਰਚਨਾਵਾਂ ਨੂੰ ਸਮਝਣ ਦਾ ਮੌਕਾ ਦਿੱਤਾ ਹੈ। ਉਹਨਾਂ ਦੀਆਂ ਰਚਨਾਵਾਂ ਨੂੰ ਪਰਖਣ ਦਾ ਮੌਕਾ ਦਿੱਤਾ ਹੈ। ਵਸ਼ਿਸ਼ਠ ਨੇ ਇਸ ਪੁਸਤਕ ਵਿਚ ਮੁਣਸ਼ੀ ਪ੍ਰੇਮ ਚੰਦ ਜੀ ਦੇ ਜੀਵਨ ਅਤੇ ਸਮਕਾਲੀ ਸਮਾਜ ਤੇ, ਪ੍ਰੇਮ ਚੰਦ ਜੀ ਦੇ ਪ੍ਰਗਤੀਵਾਦੀ ਸਾਹਿਤ ਤੇ, ਉਨ੍ਹਾਂ ਦੀਆਂ ਰਚਨਾਵਾਂ ਦੇ ਮੁਖ ਲੱਛਣਾਂ ਤੇ ਚਾਨਣਾ ਪਾਉਂਦਿਆਂ ਮੁਣਸ਼ੀ ਜੀ ਨੂੰ ਸਮਾਜਵਾਦ ਦਾ ਆਗੂ ਸਾਹਿਤਕਾਰ, ਔਰਤ ਜਾਤ ਦੀ ਸਮਾਨਤਾ ਚਾਹੁਣ ਵਾਲਾ ਅਤੇ ਆਰਥਿਕ ਪਰਿਵਰਤਨ ਲਿਆਉਣ ਵਾਲਾ ਲੇਖਕ ਪੇਸ਼ ਕੀਤਾ ਹੈ।

ਇਹ ਪੁਸਤਕ ਹਰ ਪੰਜਾਬੀ ਲੇਖਕ ਨੂੰ ਪੜ੍ਹਨੀ ਚਾਹੀਦੀ ਹੈ।

—ਮਹਿੰਦਰ ਭੱਟੀ



Sri Satguru Jagjit Singh Ji eLibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ





## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 2528414
,, : 2510345
Resi. : 213054

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.





Sri Satguru Jagjit Singh Ji eLibrary NamdhariElibrary@gmail.com

# ਬੀਬੀ ਮਹਿੰਦਰ ਕੌਰ ਸੇਠਨੀ

— ਸ੍ਰੀ ਮਹਾਰਾਜ ਬੀਰ ਸਿੰਘ ਜੀ



ਬੀਬੀ ਜੀ ਦਾ ਜਨਮ ਪੱਛਮੀ ਪੰਜਾਬ ਦੇ ਪ੍ਰਸਿਧ ਸ਼ਹਿਰ ਝਾਲਾ ਮੂਸਾ ਵਿਚ ਵੈਸਾਖੀ ੧੯੮੨ ਤੋਂ ਦੋ ਦਿਨ ਪਿਛੋਂ (੧੫-੪-੧੯੨੫) ਨੂੰ ਹੋਇਆ। ਇਨ੍ਹਾਂ ਦੇ ਪਿਤਾ ਸੰਤ ਖਜ਼ਾਨ ਸਿੰਘ ਜੀ "ਇਨਸਾਫ" ਅਤੇ ਮਾਤਾ ਮਹਿੰਤ ਕੌਰ ਸਨ। ਸੰਤ ਖਜ਼ਾਨ ਸਿੰਘ ਜੀ ਨਾਮਧਾਰੀ ਪੰਥ ਵਿਚ ਆਪਣੇ ਸਮੇਂ ਕਵੀ ਪ੍ਰਸਿਧ ਰਹੇ ਹਨ। ਇਨਸਾਫ ਜੀ ਦੀਆਂ ਕਵਿਤਾਵਾਂ ਸਤਿਜੁਗ ਦੇ ਪੁਰਾਣੇ ਅੰਕਾਂ ਵਿਚ ਦੇਖੀਆਂ ਜਾ ਸਕਦੀਆਂ ਹਨ।

ਬੀਬੀ ਜੀ ਦਾ ਅਨੰਦ ਕਾਰਜ ਸੇਠ ਤ੍ਰਲੋਕ ਸਿੰਘ ਜੀ ਨਾਲ ਵੈਸਾਖੀ ੧੯੯੬ ਬਿ: ਨੂੰ ਬੈਂਕੋਕ (ਸਿਆਮ) ਵਿਖੇ ਪੂਰਨ ਗੁਰਮਰਯਾਦਾ ਨਾਲ ਹੋਇਆ।

ਦੇਸ਼ ਵੰਡਾਰੇ ਤੋਂ ਪਿਛੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਪਹਿਲੀ ਵਾਰੀ ਸੰਮਤ ੨੦੦੫ (ਸੰਨ ੧੯੪੮) ਵਿਚ ਸਿਆਮ ਦਰਸ਼ਨ ਦਿਤੇ। ਸੇਠ ਗੁਰਬਖਸ਼ ਸਿੰਘ ਜੀ "ਪ੍ਰੇਮ" ਨੇ ਸਤਿਗੁਰੂ ਜੀ ਪਾਸ ਅਰਜ਼ ਕੀਤੀ ਕਿ ਤ੍ਰਲੋਕ ਸਿੰਘ ਦੇ ਘਰ ਬੱਚਾ ਨਹੀਂ ਹੈ। ਸ੍ਰੀ ਸਤਿਗੁਰੂ ਜੀ ਫੁਰਮਾਇਆ ਕਿ ਇਨ੍ਹਾਂ ਦੋਹਾਂ ਨੂੰ ੧ ਸਾਲ ਵਾਸਤੇ ਸਾਡੇ ਪਾਸ ਭੇਜ ਦਿਓ।

ਸ੍ਰੀ ਸਤਿਗੁਰੂ ਜੀ ਦਾ ਬਚਨ ਮੰਨਕੇ ਸੇਠ ਤ੍ਰਲੋਕ ਸਿੰਘ ਜੀ ਅਤੇ ਬੀਬੀ ਮਹਿੰਦਰ ਕੌਰ ਫਰਵਰੀ ਸੰਨ ੧੯੪੯ ਵਿਚ ਦਿਲੀ ਪਹੁੰਚ ਗਏ। ੮-੯ ਦਿਨ ਬਾਦ ਸ੍ਰੀ ਸਤਿਗੁਰੂ ਜੀ ਦਿਲੀ ਸ੍ਰ. ਸੁਚਾ ਸਿੰਘ ਜੀ ਦੇ ਘਰ ੨੪ ਆਰਾਮਬਾਗ ਲੇਨ ਦਰਸ਼ਨ ਦਿਤੇ। ਉਨ੍ਹਾਂ ਦਿਨਾਂ ਵਿਚ ਦਿਲੀ ਸਰਬ ਭਾਰਤੀ ਪਸ਼ੂ ਪ੍ਰਦਰਸ਼ਨੀ ਹੋ ਰਹੀ ਸੀ। ਸੇਠ ਤ੍ਰਲੋਕ ਸਿੰਘ ਜੀ ਅਤੇ ਬੀਬੀ ਮਹਿੰਦਰ ਕੌਰ ਨੇ ਦਰਸ਼ਨ ਕੀਤੇ।

ਸ੍ਰੀ ਸਤਿਗੁਰੂ ਜੀ ਨੇ ਖੁਸ਼ੀਆਂ ਪ੍ਰਦਾਨ ਕੀਤੀਆਂ ਅਤੇ ਸ੍ਰ: ਸੁਚਾ ਸਿੰਘ ਜੀ ਨੂੰ ਹੁਕਮ ਕੀਤਾ ਇਨ੍ਹਾਂ ਨੂੰ ਕਿਸੇ ਹਕੀਮ ਪਾਸ ਲਿਜਾਓ।

ਹਕੀਮ ਨਾਨਕ ਚੰਦ ਅਗਰਵਾਲ ਦੇ ਘਰੋਂ ਸ੍ਰੀ ਮਤੀ ਚੰਦ੍ਰ ਕਲਾ ਅਗਰਵਾਲ ਪਾਸ ਪਹੁੰਚੇ। ਸ੍ਰੀ ਸਤਿਗੁਰੂ ਜੀ ਦੀ ਮੋਹਰ ਦੀ ਨਿਗਾਹ ਐਸੀ ਹੋਈ ਜੁ ਵੇਖ ਕੇ ਦੇਖਦਿਆਂ ਹੀ ਤਸੱਲੀ ਨਾਲ ਕਹਿ ਦਿਤਾ ਕਿ ਸੰਤਾਨ ਹੋਵੇਗੀ। ਸੰਨ ੧੯੪੯ ਦੀ ਫਰਵਰੀ ਤੋਂ ਨਵੰਬਰ ਤਕ ਇਲਾਜ ਹੁੰਦਾ ਰਿਹਾ।

ਭਾਵੇਂ ਸੰਤ ਫੂਲਾ ਸਿੰਘ ਜੀ ਦੇ ਸਾਰੇ ਪਰਿਵਾਰ ਤੇ ਸ੍ਰੀ ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸੀ, ਪਰ ਸੇਠ ਤ੍ਰਲੋਕ ਸਿੰਘ ਜੀ ਨੇ ਜਿਸ ਪਿਆਰ ਅਤੇ ਸ਼ਰਧਾ ਨਾਲ ਨਿਰੰਤਰ ਸੇਵਾ ਏਹ ਮੰਨਕੇ ਕੀਤੀ ਏਹ ਘਰ ਮੇਰਾ ਨਹੀਂ ਇਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦਾ ਹੈ, ਅਤੇ ਜਦੋਂ ਕਦੀ ਸ੍ਰੀ ਸਤਿਗੁਰੂ ਜੀ ਤੋਂ ਵਿਛੜਦੇ ਏਨਾਂ ਦੀਆਂ ਅਖਾਂ ਸਜਲ ਹੋ ਜਾਂਦੀਆਂ ਅਤੇ ਕਿਤਨਾਂ ਹੀ ਚਿਰ ਏਹ ਪ੍ਰੇਮ ਵੈਰਾਗ ਦਸ਼ਾ ਵਿਚ ਰਹਿੰਦੇ। ਇਹ ਬਖਸ਼ਿਸ਼ ਸੇਠ ਗੁਰਬਖਸ਼ ਸਿੰਘ ਜੀ ਤੇ ਭੀ ਰਹੀ। ਉਹ ਭੀ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਤੋਂ ਬਿਨਾਂ ਬਹੁਤ ਬੇ-ਚੈਨ ਰਹਿੰਦੇ ਸਨ।

ਸਾਰੇ ਪਰਿਵਾਰ ਵਿਚੋਂ ਏਨਾਂ ਦੋਹਾਂ ਭਾਈਆਂ ਨੂੰ ਇਹ ਇਲਾਹੀ ਦਾਤ ਮਿਲੀ "ਦਰਸਨ ਪਿਆਸ ਲੋਚਨ ਤਾਰ ਲਾਗੀ ਬਿਸਰੀ ਤ੍ਰਿਆਸ ਬਿਡਾਨੀ" ਖਿਹਾਲੇ ਵਾਲੇ ਬਾਬਾ ਦਸੌਂਧਾ ਸਿੰਘ ਜੀ ਮਸਤ ਦਸ਼ਾ ਹੋ ਸ੍ਰੀ ਸਤਿਗੁਰੂ ਜੀ ਪਾਸ ਅਰਜ਼ ਕੀਤੀ ਕਿ ਸਚੇਵੇ ਸਾਹਿਬ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ੫੦੦ ਅਖੰਡ ਪਾਠ ਕਰਾਏ ਜਾਣ। ਸ੍ਰੀ ਸਤਿਗੁਰੂ ਜੀ ਵਲੋਂ ਪ੍ਰਵਾਨਗੀ ਮਿਲ ਗਈ ਦੀਨ ਦਇਆਲ ਜੀ ਨੇ ਆਪ ਉਥੇ ਦਰਸ਼ਨ ਦਿਤੇ ਅਤੇ ਪਾਠਾਂ ਦਾ ਅਰੰਭ ਕੀਤਾ।

ਮਾਘ ੨੦੦੭ (ਜਨਵਰੀ ੧੯੫੦) ਵਿਚ ਉਪ੍ਰੋਕਤ ਪਾਠਾਂ ਦੇ ਭੋਗਾਂ ਸਮੇਂ ਸੰਤ ਫੂਲਾ ਸਿੰਘ ਜੀ, ਸੰਤਾਂ ਦੇ ਘਰੋਂ ਮਾਤਾ ਦਿਆਲ ਕੌਰ, ਸਪੁਤ੍ਰ ਸੇਠ ਤ੍ਰਿਲੋਕ ਸਿੰਘ ਜੀ, ਅਤੇ ਸੇਠ ਅਵਤਾਰ ਸਿੰਘ ਜੀ, ਦੋਵੇਂ ਭੈਣਾ ਬੀਬੀ ਸਰਦੰਦ ਕੌਰ ਅਤੇ ਮਹਿੰਤ ਕੌਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਸੁਚੇਵੇ ਸਾਹਿਬ ਗਏ। ਇਸ ਪਰਿਵਾਰ ਨੂੰ ਵੇਖਦੇ ਹੀ ਸਚੇ ਪਾਤਸ਼ਾਹ ਜੀ ਨੇ ਬਚਨ ਕੀਤਾ, ਕਿ ਬੀਬੀ ਮਹਿੰਦਰ ਕੌਰ ਨਹੀਂ ਆਈ? ਸੇਠ ਤ੍ਰਲੋਕ ਸਿੰਘ ਜੀ ਬੇਨਤੀ ਕੀਤੀ ਕਿ ਦੀਨ ਦਿਆਲ ਜੀ ਡਾਕਟਰਨੀ ਨੇ ਸਫਰ ਕਰਨ ਤੋਂ ਮਨਾਹ ਕੀਤਾ



Sri Satguru Jagjit Singh Ji eLibrary NamdhariElibrary@gmail.com



ਬੀਬੀ ਮਹਿੰਦਰ ਕੌਰ ਦੇ ਪਤੀ ਸੇਠ ਤ੍ਰਲੋਕ ਸਿੰਘ ਅਤੇ ਸਪੁੱਤਰ ਸੇਠ ਬਲਦੇਵ ਸਿੰਘ ਲੈਗਜ਼ਿੰਗਟਨ (ਅਮਰੀਕਾ) ਵਿਚ ਅਪਣੇ ਇਸ਼ਟ ਦੇਵ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਵਾਗਤ ਕਰਦੇ ਹੋਏ।

---

ਸੀ। ਸੁਣਕੇ ਸ੍ਰੀ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ।

ਇਸ ਤੋਂ ਪਹਿਲਾਂ ਸ੍ਰੀ ਭੈਣੀ ਸਾਹਿਬ ਵਿਖੇ ਦੁਸਹਿਰੇ ਤੇ ਸੰਤ ਬੂਟਾ ਸਿੰਘ ਜੀ ੧੦੧ ਅਖੰਡ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਨਮਿਤ ਕਰਾਏ ਅਤੇ ਮੇਲਾ ਕਰਾਇਆ ਸੀ। ਸੇਠ ਤ੍ਰਲੋਕ ਸਿੰਘ ਜੀ ਨੇ ਅਤੇ ਬੀਬੀ ਮਹਿੰਦਰ ਕੌਰ ਨੇ ਓਥੇ ਸੇਵ ਕਮਾ ਲਈ।

ਸੇਠ ਜੀ ਅਤੇ ਬੀਬੀ ਮਹਿੰਦਰ ਕੌਰ ਨੇ ਸੰਤ ਨਗਰ ਕਰੋਲਬਾਗ ਦਿਲੀ ਵਿਖੇ ਇਕ ਮਕਾਨ ਰਿਹਾਇਸ਼ ਵਾਸਤੇ ਲਿਆ। ਸ੍ਰੀ ਸਤਿਗੁਰੂ ਜੀ ਜਦੋਂ ਭੀ ਦਿਲੀ ਦਰਸ਼ਨ ਦਿੰਦੇ, ਇਸੇ ਜਗ੍ਹਾ ਨਿਵਾਸ ਰਖਦੇ ਅਤੇ ਇਹ ਜੋੜੀ ਸ੍ਰੀ ਸਤਿਗੁਰੂ ਜੀ ਦੀ ਸੇਵਾ ਕਰ ਕਰਕੇ ਆਪਣਾ ਮਨ ਤ੍ਰਿਪਤ ਕਰਦੀ।

ਇਸ ਤੋਂ ਬਿਨਾ ਏਹ ਸ੍ਰੀ ਜੀਵਨ ਨਗਰ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਜਾਂਦੇ ਅਤੇ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਸਥਾਨ ਨੂੰ ਹਥੀਂ ਜਲ ਪਾ ਧੋ ਕੇ ਸਾਫ ਕਰਦੇ ਅਤੇ ਠੰਡਾ ਕਰਦੇ।

ਸ੍ਰੀ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ੨੦੦੭ ਦੇ ਭਾਦਰੋਂ ਮਹੀਨੇ (੩੦ ਅਗਸਤ ੧੯੫੦) ਬਖਸ਼ੀਸ਼ ਸਿੰਘ ਦਾ ਜਨਮ ਸੇਠ ਤ੍ਰਲੋਕ ਸਿੰਘ ਜੀ ਅਤੇ ਬੀਬੀ ਮਹਿੰਦਰ ਕੌਰ ਦੇ ਘਰ ਹੋਇਆ। ਇਸ ਅਣਹੋਂਦ ਹੋਂਦ ਵਿਚ ਬਦਲਨ ਦੀ ਕ੍ਰਿਪਾ ਵੀ ਸ੍ਰੀ ਸਤਿਗੁਰੂ ਜੀ ਦੀ ਕੀਤੀ ਸੀ। ਸਭ ਪ੍ਰਵਾਰ ਨੂੰ ਬਹੁਤ ਖੁਸ਼ੀਆਂ ਹੋਈਆਂ ਇਸ ਅਵਸਰ ਤੇ ਸ੍ਰੀ ਸਤਿਗੁਰੂ ਜੀ ਨੇ ਭੀ ਵੱਖਰੇ ਦਰਸ਼ਨ ਦੇਣ ਦੀ ਕ੍ਰਿਪਾ ਕੀਤੀ। ਇਸ ਕ੍ਰਿਪਾ ਤੋਂ ਸੇਠ ਤ੍ਰਲੋਕ ਸਿੰਘ ਜੀ ਨੇ ਅਪਣੀ ਕ੍ਰਿਤਗਯਤਾ ਦਾ ਪ੍ਰਗਟਾਉ ਭਾਵੇਂ ਕੀਤਾ, ਪਰ ਬੀਬੀ ਮਹਿੰਦਰ ਕੌਰ ਨੇ ਸ੍ਰੀ ਸਤਿਗੁਰੂ ਜੀ ਨੂੰ ਅਰਜ਼ ਕੀਤੀ ਕਿ ਹੇ ਸਚੇ ਪਾਤਸ਼ਾਹ ਜੀ ਏਹ ਬਖਸ਼ਸ਼ ਤੁਸੀਂ ਮੇਰੇ ਵਾਸਤੇ ਹੀ ਕੀਤੀ ਹੈ। ਏਹ ਸੇਠ ਸਨ ਜਿਹਨਾਂ ਨੂੰ ਕੀ ਫਰਕ ਪੈਂਦਾ ਸੀ। ਏਨਾ ਨੇ ਹੋਰ ਵਿਆਹ ਕਰ ਲੈਣਾ ਸੀ। ਮੈਨੂੰ ਕ੍ਰਿਪਾ ਕਰਕੇ ਇਸ ਘਰ ਵਸਣ ਜੋਗ ਆਪ ਜੀ ਨੇ


Sri Satguru Jagjit Singh Ji eLibrary NamdhariElibrary@gmail.com



ਹਕੀਮ ਨਾਨਕ ਚੰਦ ਅਗਰਵਾਲ



ਸ੍ਰੀਮਤੀ ਚੰਦਰ ਕਲਾ ਅਗਰਵਾਲ

ਬਣਾਇਆ ਹੈ, ਜਿਸਦਾ ਦੇਣਾ ਮੈਂ ਦੇ ਨਹੀਂ ਸਕਦੀ ।

ਬੀਬੀ ਜੀ ਸੇਵਾ ਭਾਵਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਅਤੇ ਵਰਤਮਾਨ ਸ੍ਰੀ ਸਤਿਗੁਰੂ ਜੀ ਦੀ ਹਾਜ਼ਰੀ ਵਿਚ ਸਦਾ ਇਕ ਰਸ ਰਹਿੰਦੀ ਰਹੀ । ਜੇ ਸਤਿਗੁਰੂ ਜੀ ਬੰਬਈ ਜਾਣ ਜਾਂ ਦਿਲੀ ਦਰਸ਼ਨ ਦੇਣ ਤਾਂ ਬੀਬੀ ਨੇ ਆਪ ਸੇਵਾ ਕਰ ਕਰਕੇ ਤ੍ਰਿਪਤ ਹੋਣਾ ਅਤੇ ਸ੍ਰੀ ਸਤਿਗੁਰੂ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨੀਆਂ ਇਹਨਾਂ ਖੁਸ਼ੀਆਂ ਤੋਂ ਹੀ ਵਰਤਮਾਨ ਸ੍ਰੀ ਸਤਿਗੁਰੂ ਜੀ ਪਾਸੋਂ ਇਹ ਵਰ ਲੈ ਲਿਆ ਕਿ ਮੇਰਾ ਅੰਤ ਅਪਣੇ ਪਤੀ ਦੇ ਹਥਾਂ ਵਿਚ ਹੋਵੇ, ਅਤੇ ਅੰਤ ਹੋਣ ਵੇਲੇ ਕੋਈ ਕਸ਼ਟ ਨਾਂ ਹੋਵੇ । ਬੀਬੀ ਨੂੰ ਏਹ ਨਿਸ਼ਚਾ ਸੀ ਕਿ ਇਹ ਵਰ ਸਫਲ ਹੋਵੇਗਾ ਅਤੇ ਸੇਠ ਜੀ ਨੂੰ ਦਸ ਦਿਤਾ ।

ਭਾਦਰੋਂ ੨੦੪੨ (੩੧ ਅਗਸਤ ੧੯੮੫) ਨੂੰ ਅਮਰੀਕਾ ਦੀ ਕੇਂਟਕੀ ਸਟੇਟ ਦੇ ਪ੍ਰਸਿਧ ਸ਼ਹਿਰ ਲੇਕਸਿੰਗਟਨ ਵਿਖੇ ਰਾਤੀਂ ਸਾਢੇ ਨੌ ਵਜੇ ਬਾਹਰੋਂ ਸੈਰ ਕਰਕੇ ਆਏ ਅਤੇ ਮਾਲਾ ੨ ੧੦ ਵਜੇ ਬੀਬੀ ਨੇ ਸੇਠ ਤ੍ਰਲੋਕ ਸਿੰਘ ਜੀ ਦੇ ਪਾਸ ਬੈਠਿਆਂ ਹੀ ਪ੍ਰਾਣ ਤਿਆਗ ਦਿਤੇ । ਉਸ ਸਮੇਂ ਸੇਠ ਜੀ ਨੇ ਅਪਣੇ ਹਥੀਂ ਅਪਣੀ ਧਰਮ ਪਤਨੀ ਨੂੰ ਸੰਭਾਲਿਆ, ਅਤੇ ਫੇਰ ਵਿਧੀ ਅਨੁਸਾਰ ਦਾਹ ਸੰਸਕਾਰ ਕੀਤਾ ।

ਅਮਰੀਕਾ ਜੈਸੇ ਦੇਸ਼ ਵਿਚ ਸਿੱਖਾਂ ਦੇ ਈਸਾਈਆਂ ਦੇ ਧਰਮ ਤੋਂ ਵਿਪ੍ਰੀਤ ਲਕੜੀਆਂ ਦੇ ਬਾਲਣ ਨਾਲ ਪੂਰਨ ਗੁਰਮਰਯਾਦਾ ਨਾਲ ਬੀਬੀ ਜੀ ਦੇਹ ਦਾ ਸੰਸਕਾਰ ਕੀਤਾ ਗਿਆ । ਇਹ ਕਰਤਵਯ ਇਸ ਦੇਸ਼ ਵਿਚ ਪਹਿਲੀ ਵਾਰ ਹੀ ਹੋਇਆ ਜੋ ਇਥੋਂ ਦੀਆਂ ਅਖਬਾਰਾਂ ਵਿਚ ਚਰਚਾ ਦਾ ਵਿਸ਼ਾ ਬਣਿਆ ।

ਸ੍ਰੀ ਸਤਿਗੁਰੂ ਜੀ ਦਾ ਏਹ ਬਚਨ ਪੂਰੀ ਤਰ੍ਹਾਂ ਮੂਰਤੀਮਾਨ ਹੋਇਆ ।

ਸਭ ਤੋਂ ਪਹਿਲਾ ਪੁਤ੍ਰ ਬਖਸ਼ੀਸ਼ ਸਿੰਘ ਹੋਇਆ, ਉਸ ਤੋਂ ਬਾਦ ੬ ਪੁਤ੍ਰ ਅਤੇ ਇਕ ਕੰਨਿਆ ਨੇ ਜਨਮ ਲਿਆ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਬਚਨ ਮੰਨਕੇ ਬੀਬੀ ਤੇ ਸੇਠ ਜੀ ਨੇ ਅਪਣੇ ਕੁਝ ਬੱਚਿਆਂ ਦੇ ਅਨੰਦ ਕਾਰਜ ਅੰਤਰਜਾਤੀ ਕੀਤੇ ਹਨ !

ਇਹ ਕਰਤੱਵਯ ਏਹਨਾ ਦੀ ਸ਼ਰਧਾ ਦਾ ਪ੍ਰਤੱਖ ਲਖਾਇਕ ਹੈ ।



Sri Satguru Jagjit Singh Ji eLibrary NamdhariElibrary@gmail.com

# ਮਹਿੰਦਰ ਕੌਰ ਮੇਰੀਆਂ ਨਜ਼ਰਾਂ ਵਿਚ

—ਸੇਠ ਤਰਲੋਕ ਸਿੰਘ



ਮਹਿੰਦਰ ਕੌਰ ਜੀ ਇਕ ਸੁਭਾਗੀ ਇਸਤਰੀ ਸਨ ਜਿਨ੍ਹਾਂ ਸਦਾ ਮੇਰੇ ਉਤੇ ਆਪਣੀ ਸ੍ਰੇਸ਼ਟਤਾ ਬਣਾਈ ਰਖੀ। ਉਹ ਜਿਸ ਸੇਜ ਤੇ ਸੂਪ ਨਾਲ ਆਪਣੇ ਪੇਕੇ ਘਰ ਰਹੇ ਉਸੇ ਸੇਜ ਤੇ ਸੂਪ ਨੂੰ ਉਨ੍ਹਾਂ ਆਪਣੇ ਸਹੁਰੇ ਘਰ ਭੋਗਿਆ ਅਤੇ ਅਚਰਜ ਦੀ ਗੱਲ ਇਹ ਕਿ ਜਿਦਣ ਉਹ ਸਦਾ ਸਦਾ ਲਈ ਸਾਥੋਂ ਵਿਛੜੇ ਉਸ ਦਿਨ ਵੀ ਸਿਰਤ੍ਰ ਵੇਚ ਦੀ ਪਕੜ ਵਿਚ ਰੰਗ ਨਾਲ ਹੀ ਆਏ ਅਤੇ ਮੈਨੂੰ ਯਕੀਨ ਹੈ ਕਿ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਬਿਨਾਂ ਉਹਨਾਂ ਨੂੰ ਹੋਰ ਕੋਈ ਥਾਂ ਪਸੰਦ ਨਹੀਂ, ਉਹਨਾਂ ਪਰਮ ਸੁਖਦਾਈ ਕੰਵਲ ਚਰਨਾਂ ਵਿਚ ਹੀ ਉਹ ਜਾ ਵਿਰਾਜੇ।

ਉਹਨਾਂ ਨੂੰ ਪੂਰੇ ਹੋਇਆਂ ਦੋ ਸਾਲ ਹੋ ਗਏ ਹਨ। ੩੧ ਅਗਸਤ ੧੯੮੫ ਦੀ ਰਾਤ ਦੇ ੧੦ ਵਜੇ ਅਮਰੀਕਾ ਵਿਚ ਮੇਰੇ ਨਾਲ ਘਰੋਂ ਬਾਹਰ ਸੈਰ ਸਪਾਟਾ ਕਰਦੇ ਆਏ ਸਨ, ਅਤੇ ਪਰਵਾਰਕ ਸੁਖ ਦੀ ਸਿਖਰ ਵਿਚ ਉਹ ਅਡੋਲ, ਮੇਰੇ ਕੋਲ ਸੌਂਦੇ ਸੌਂਦੇ ਏਨੀ ਦੂਰ ਹੋ ਗਏ ਕਿ ਮੈਂ ਹੁਣ ਕਦੇ ਵੀ ਉਹਨਾਂ ਨੂੰ ਵੇਖ ਨਹੀਂ ਸਕਾਂਗਾ। ਸੁਭਾਅ ਵਲੋਂ ਉਹ ਧੋਖੇਬਾਜ਼ ਨਹੀਂ ਸਨ ਪਰ ਮੈਨੂੰ ਧੋਖਾ ਦੇ ਗਏ ਹਨ। ਪਰ ਇਹ ਧੋਖਾ ਏਨਾ ਉਹਨਾਂ ਵਿਛੜਿਆਂ ਹੋਇਆਂ ਸੀ ਸਤਿਗੁਰੂ ਸਚੇ ਪਾਤ-ਸ਼ਾਹ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਮੰਗਿਆ ਹੋਇਆ ਸੀ।

ਸਾਡੀ ਪਰਵਾਰਕ ਸੀਮਾ ਵਿਚ ਇਹ ਵਿਸ਼ਵਾਸ ਹੈ ਕਿ ਇਸਤਰੀਆਂ ਦੇ ਹੱਥਾਂ ਵਿਚ ਪਤੀ ਗੁਜ਼ਰਦੇ ਹਨ ਤੇ ਇਸਤਰੀਆਂ ਲੰਮਾ ਸਮਾਂ ਰੰਡੇਪਾ ਭੋਗਦੀਆਂ ਹਨ। ਮਹਿੰਦਰ ਕੌਰ ਜੀ ਨੇ ਇਕ ਦਿਨ ਮੈਨੂੰ ਸਪਸ਼ਟ ਕੀਤਾ, ਉਹਨਾਂ ਦੀ ਅਰਦਾਸ ਸੁਣੀ ਗਈ ਹੈ ਤੇ ਉਹ ਮੇਰੇ ਹੱਥਾਂ ਵਿਚ ਪ੍ਰਾਣ ਤਿਆਗਣਗੇ। ਪਰ ਏਨਾ ਸੰਜੋਗ ਕਾ ਜੀਵਨ ਵਿਚੋਂ ਨਵ-ਜੀਵਨ ਲਈ ਵਿਦਾ ਲੈ ਜਾਣਗੇ, ਇਹ ਤਾਂ ਕਿਸੇ ਦੀ ਕਲਪਨਾ ਵਿਚ ਵੀ ਨਹੀਂ ਸੀ। ਹਿੰਦੁਸਤਾਨ ਦੇ ਓਦੋਂ ਦਿਨ ਦੇ ੮-੩੦ ਸਨ ਤੇ ਤਾਰੀਖ ਸੀ ਪਹਿਲੀ ਸਤੰਬਰ ੧੯੮੫

ਮਹਿੰਦਰ ਕੌਰ ਜੀ ਨੇ ਰਾਜ-ਯੋਗੀਆਂ ਵਾਲਾ ਜੀਵਨ ਬਿਤਾਇਆ ਹੈ। ਸਤਿਗੁਰੂ ਜੀ ਅਤੇ ਸੰਗਤ ਦੇ ਚਰਨਾਂ ਦੀ ਸੇਵਕਾ, ਘਰ, ਪਰਵਾਰ ਅਤੇ ਭਾਈਚਾਰੇ ਵਿਚ ਨਿਰਮਾਣ ਰਹਿੰਦਿਆਂ ਵੀ ਸਵਾਭਿਮਾਨਣੀ।

ਅਸਲ ਵਿਚ ਉਹਨਾਂ ਦਾ ਜੀਵਨ ਦੋਹਾਂ ਪਰਵਾਰਾਂ ਦੀ ਜੀਵਨ ਜਾਚ ਦਾ ਸੁਮੇਲ ਸੀ। ਮਾਤਾ ਮਹਿਤਾਬ ਕੌਰ ਜੀ ਤੇ ਪਿਤਾ ਸੰਤ ਖਜ਼ਾਨ ਸਿੰਘ ਖ਼ਿਆਲਾ ਦੀ ਪੁਤਰੀ ਹੋਣ ਕਰਕੇ, ਨਾਮਧਾਰੀ ਮਰਿਆਦਾ ਮਤ ਦੀ ਸਾਦਗੀ ਅਤੇ ਜਨ-ਸੰਪਰਕ ਉਹਦੇ ਵਿਰਸੇ ਵਿਚ ਸੀ ਅਤੇ ਸਹੁਰੇ ਘਰ ਵੇਲੇ ਮਾਤਾ ਦਿਆਲ ਕੌਰ ਜੀ ਅਤੇ ਪਿਤਾ ਸੰਤ ਫੂਲਾ ਸਿੰਘ ਜੀ ਤੋਂ ਉਹਨਾਂ ਸੇਵਾ, ਪ੍ਰੇਮ ਅਤੇ ਨਮਰਤਾ ਗ੍ਰਹਿਣ ਕਰ ਲਈ। ਪੰਦਰਾਂ ਸਾਲ ਉਮਰ ਹੀ ਹੋਵੇਗੀ ਹੈ, ਜਦੋਂ ੧੯੩੯ ਵਿਚ ਮੇਰੇ ਨਾਲ ਲਾਵਾਂ ਫੇਰੇ ਲਏ ਪਰ ਤਦ ਤੋਂ ਪਰਵਾਰਕ ਜ਼ਿਮੇਂਵਾਰੀਆਂ ਮੁਸ਼ਕਲਾਂ ਨਾਲ ਦੋ ਚਾਰ ਹੋਣਾ ਅਤੇ ਪਰ ਦੇ ਹਰ ਜੀਅ ਦੀ ਸੰਤੁਸ਼ਟਤਾ ਲਈ ਯਤਨ ਕਰਨਾ ਉਹਨਾਂ ਦੀ ਸੂਝ, ਉਦਮ ਅਤੇ ਚਰਿਤਰ ਦਾ ਹਿੱਸਾ ਬਣ ਗਏ।

ਜੋ ਸਾਡੇ ਕਾਰੋਬਾਰ ਨੇ ਬੈਂਕਾਕ (ਥੈਲੈਂਡ ਦੀ ਇਕ ਵਿਸ਼ੇਸ਼ ਮਾਰਕਿਟ) ਵਿਚ ਮਹਿੰਦਰ ਕੌਰ ਜੀ ਤੋਂ ਸੇਵਾ ਮੰਗੀ ਤਾਂ ਭਰਾ ਸੁਹੇਲ ਸਿੰਘ ਜੀ ਤੇ ਭਰਜਾਈ ਹਰਭਜਨ ਕੌਰ ਜੀ ਨੂੰ ਸਿਹਤ ਬਹਾਲੀ ਲਈ ਭਾਰਤ ਜਾਣ ਲਈ ਛੁਟੀਆਂ ਦੇ ਦਿਤੀਆਂ। ਨਵੇਂ ਵਿਆਹੀ ਹੋਣ ਕਰਕੇ ਮਾਤਾ ਜੀ ਨੇ ਚਾਹਿਆ ਕਿ ਉਹ ਜ਼ਿਮੇਂਵਾਰੀਆਂ ਵਿਚ ਨਾ ਖੁਭੇ। ਭੈਣ ਗੁਰਬਚਨ ਕੌਰ ਨੂੰ ਨਾਲ ਦਿਤਾ ਪਰ ਇਸ ਜੀਵਨਵਾਲੀ ਇਸਤਰੀ ਨੇ ਸਾਡੇ ਸਭ ਦੇ ਮੂੰਹ ਉਂਗਲਾਂ ਪੁਆ ਦਿਤੀਆਂ। ਪਰਧਤਨ



Sri Satguru Jagjit Singh Ji eLibrary NamdhariElibrary@gmail.com

ਭਾਵੇਂ ਸਾਡੇ ਸਭ ਦੇ ਸਾਂਝੇ ਸਨ ਪਰ ਨਾਮਣਾ ਮਹਿੰਦਰ ਕੌਰ ਜੀ ਦੇ ਭਾਗ ਵਿਚ ਹੀ ਆਇਆ।

ਇਕ ਦੋ ਸਾਧੂਆਂ ਦਾ ਲੰਗਰ ਵੀ ਘਰ ਵਿਚ ਜ਼ਰੂਰ ਪਕਾਇਆ ਜਾਣਾ, ਇਹ ਮਹਿੰਦਰ ਕੌਰ ਜੀ ਦੀ ਸੇਵਾ ਭਾਵਨਾ ਦਾ ਨਿਤ ਦਾ ਵਿਹਾਰ ਸੀ। ਸਾਧੂ ਫੂਲਾ ਸਿੰਘ ਜੀ, ਸੂਬਾ ਜੀ, ਗੋਬਿੰਦ ਜੀ, ਬਾਬਾ ਫੌਜਾ ਸਿੰਘ ਜੀ ਮੱਖੀ ਵਾਲੇ ਉਹਦੀ ਸੇਵਾ ਦਾ ਭਾਗ ਸਨ।

ਜੰਗ ਲੱਗੀ ਤੋਂ 'ਇੰਫਾਲ' ਛਡ ਕੇ ਜਦ ਸਾਡਾ ਪਰਵਾਰ 'ਹੁਆ ਨਾ' ਆ ਗਿਆ ਤਾਂ ਇਹਦਾ ਤੇ ਬੈਂਕੌਕ ਦਾ ਫ਼ਾਸਲਾ ਆਉਣ ਜਾਣ ੫ ਘੰਟੇ ਦਾ ਪੰਧ ਸੀ। ਕਾਰੋਬਾਰ ਲਈ ਅਸੀਂ ਬੈਂਕੌਕ ਹੀ ਪਹੁੰਚਦੇ। ਸਵੇਰੇ ੫ ਵਜੇ ਲੰਗਰ ਛਕ ਕੇ ਜਾਂਦੇ। ਰਾਤ ੭-੮ ਵਜੇ ਘਰ ਪਹੁੰਚਣ ਤੇ ਨਦੀ ਦੇ ਮੈਲੇ ਜਲ ਨੂੰ ਫਟਕੜੀ ਲਾ ਕੇ ਸਾਫ਼ ਇਸ਼ਨਾਨ ਲਈ ਤੇ ਛਕਣ ਛਕਾਣ ਲਈ ਤਿਆਰ ਰਖਣਾ, ਇਹ ਮਹਿੰਦਰ ਕੌਰ ਜੀ ਦੇ ਉਦਮ ਦੀ ਸਿਖਰ ਸੀ। ਸਭ ਨੂੰ ਪਰਸ਼ਾਦ ਛਕਾਕੇ ਆਪ ਛਕਣਾ। ਉਦੋਂ ਸਾਡੇ ਪਰਵਾਰ ਦੇ ਮੈਂਬਰ ਸਨ, ਮਾਤਾ ਦਿਆਲ ਕੌਰ ਜੀ, ਪਿਤਾ ਸੰਤ ਫੂਲਾ ਸਿੰਘ ਜੀ, ਵੀਰ ਸੰਤ ਗੁਰਬਖਸ਼ ਸਿੰਘ ਜੀ, ਤਾਇਆ ਜੀ ਦਾ ਪੁਤਰ ਪ੍ਰਿਤਪਾਲ ਸਿੰਘ, ਛੋਟੀਆਂ ਭੈਣਾਂ ਗੁਰਚਰਨ ਕੌਰ, ਹਰਜੀਤ ਕੌਰ ਅਤੇ ਛੋਟਾ ਭਰਾ ਅਵਤਾਰ ਸਿੰਘ। ਸਾਰੇ ਬੇਸ਼ਕਾਇਤ ਸੇਵਾ ਦੇ ਹਕਦਾਰ ਸਨ।

ਜਦੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸਾਡੇ ਵਿਵਾਹਤ ਜੀਵਨ ਸਮੇਂ ਬੈਂਕੌਕ ਦਰਸ਼ਨ ਦਿਤੇ। ਰਾਹ, ਲਾਂਘੇ, ਫ਼ਰਸ਼ ਬੁਹਾਰਨੇ, ਗੁਸਲਖ਼ਾਨੇ ਸਾਫ਼ ਕਰਨੇ, ਮੰਜੇ ਬਿਸਤਰੇ ਵਿਛਾ ਰਖਣੇ ਮਹਿੰਦਰ ਕੌਰ ਜੀ ਦੀ ਸੇਵਾ ਭਾਵਨਾ ਤੇ ਸ਼ੌਕ ਦਾ ਹਿੱਸਾ ਸਨ। ਨਾਲ ਆਏ ਜਥੇ ਨੂੰ ਵੀ ਕੋਈ ਥੁੜ ਵਿਆਪਣ ਨਹੀਂ ਦੇਣੀ।

੧੯੪੯ ਵਿਚ ਸੱਚੇ ਪਾਤਸ਼ਾਹ ਜੀ ਨੇ ਮਹਿੰਦਰ ਕੌਰ ਜੀ ਨੂੰ ਤੇ ਮੈਨੂੰ ਹਿੰਦੁਸਤਾਨ ਆ ਜਾਣ ਦਾ ਹੁਕਮ ਦਿਤਾ। ਸਾਡੇ ੧੦ ਸਾਲਾ ਵਿਵਾਹਤ ਜੀਵਨ ਨੂੰ ਅਜੇ ਫਲ ਨਹੀਂ ਸੀ ਲਗਾ। ਉਹਨਾਂ ਦਾ ਵਿਚਾਰ ਸੀ ਕਿ ਕੁਝ ਦਵਾ-ਦਾਰੂ ਕਰਵਾਇਆ ਜਾਇ। ਬਾਬਾ ਫੌਜਾ ਸਿੰਘ ਪਿੰਡ ਮੱਖੀ ਵਾਲਾ ਜਿਹੜਾ ਉਥੋਂ ਸਾਡੀ ਸੇਵਾ ਪ੍ਰਾਪਤ ਕਰਦਾ ਸੀ ਕੋਲ ਰਹਿੰਦੇ, ਉਸ ਨੇ ਮਹਿੰਦਰ ਕੌਰ ਜੀ ਦੀ ਸੇਵਾ ਤੇ ਪ੍ਰਸੰਨ ਹੋ ਕੇ ਬਚਨ ਕਰਨਾ : ਸਤਿਗੁਰੂ ਦੇ ਘਰ ਕਿਸੇ ਗੱਲ ਦਾ ਘਾਟਾ ਨਹੀਂ। ਕੇਵਲ ਸਤਿਗੁਰੂ ਤੇ ਓਟ ਰਖੋ। ਮਾਨੁਖ ਕੀ ਟੇਕ ਬ੍ਰਿਥੀ ਸਭ ਜਾਨ। ਦੇਵਨ ਕਉ ਏਕੈ ਭਗਵਾਨ।

ਮਹਿੰਦਰ ਕੌਰ ਜੀ ਨੇ ਜਦੋਂ ਵੀ ਸ੍ਰੀ ਭੈਣੀ ਸਾਹਿਬ ਜਾਣਾ ਜਾਂ ਜੀਵਨ ਨਗਰ ਜਾਣਾ ਤਾਂ ਸੱਚੇ ਪਾਤਸ਼ਾਹ ਜੀ ਦੀ ਰਿਹਾਇਸ਼ ਦੀ ਥਾਂ ਨੂੰ ਜਿਵੇਂ ਅੱਖੀਆਂ ਦੀਆਂ ਪਲਕਾਂ ਨਾਲ ਬੁਹਾਰਨਾ ਸਾਫ਼ ਕਰਨਾ। ਸੇਵਾ ਕਰਕੇ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਰੀਝਾ ਲਿਆ ਅਤੇ ਮਨੋਇਛਤ ਦਾਤ ਪ੍ਰਾਪਤ ਕਰ ਲਈ। ਦੌਲਤ ਦੀ ਸੱਚੇ ਪਾਤਸ਼ਾਹ ਜੀ ਨੇ ਪਹਿਲਾਂ ਹੀ ਭੁੱਖ ਨਹੀਂ ਸੀ ਰਹਿਣ ਦਿਤੀ, ਹੁਣ ਵਾਰਸਾਂ ਵਲੋਂ ਵੀ ਕਿਰਪਾ ਹੋ ਗਈ। ਬਖਸ਼ੀਸ਼ ਸਿੰਘ ਘਰ ਆ ਗਿਆ। ਅਸਾਂ ਤਾਂ ਖੁਸ਼ੀ ਕਰਨੀ ਹੀ ਸੀ, ਬੈਂਕੌਕ ਦੀ ਨਾਮਧਾਰੀ ਸੰਗਤ ਨੂੰ ਵੀ ਚਾਅ ਚੜ੍ਹ ਗਏ। ਭਾਰਤ ਵਿਚ ਵੀ ਏਹੋ ਹਾਲ ਸਨ।

ਸਾਡੀ, ਘਰੋਂ ਕਾਰੋਬਾਰ ਵਲੋਂ ਸਿੰਘਾਪੁਰ ਦੀ ਡਿਊਟੀ ਲਗ ਗਈ। ਮਹਿੰਦਰ ਕੌਰ ਜੀ ਨੇ ਹੋਰ ਦੋ ਪੁਤਰ ਰਤਨ ਪੈਦਾ ਕੀਤੇ। ਧਰਮ ਸਿੰਘ ਅਤੇ ਸੋਹਣ ਸਿੰਘ। ਦੋਨੋਂ ਵਾਰ ਹੀ ਸ੍ਰੀ ਸਤਿਗੁਰੂ ਜੀ ਦੇ ਜਥੇ ਸਮੇਤ ਸਿੰਘਾਪੁਰ ਵਿਖੇ ਦਰਸ਼ਨ ਕੀਤੇ। ਸ੍ਰੀ ਸਤਿਗੁਰੂ ਜੀ ਤੇ ਜਥੇ ਦੀ ਮਹਿੰਦਰ ਕੌਰ ਜੀ ਨੇ ਰੱਜ ਰੱਜ ਸੇਵਾ ਕੀਤੀ, ਚਾਅ ਲਾਹੇ। ਜਿਨ ਜਿਨ ਵੀ ਸਿੰਘਾਪੁਰ ਵਿਖੇ ਸਾਡੇ ਘਰ ਨਾਲ ਵਾਹ ਰਖਿਆ ਉਹ ਉਹਨਾਂ ਦੀਆਂ ਸਿਫਤਾਂ ਕਰਦਾ ਨਹੀਂ ਰਜਦਾ। ਸਾਡੇ ਘਰ ਬੱਚੇ ਹੋਣ ਦੀਆਂ ਖੁਸ਼ੀਆਂ ਦਾ ਘੇਰਾ ਬੈਂਕੌਕ ਤੁਰਦਾ ਭਾਰਤ ਵਿਚ ਜਿਥੇ ਜਿਥੇ ਵੀ ਕੋਈ ਨਾਮਧਾਰੀ ਹੈ ਉਥੋਂ ਤਕ ਪਹੁੰਚਦਾ।

ਫੇਰ ਅਸੀਂ ਪੱਕੇ ਤੌਰ ਤੇ ਦਿੱਲੀ ਆਏ। ਸਤਿਗੁਰੂ ਜੀ ਨੇ ਕਿਰਪਾ ਕੀਤੀ ਸਾਨੂੰ ਮਾਣ ਬਖਸ਼ੀ ਰਖਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਤੋਂ ਪਿਛੋਂ ਵਰਤਮਾਨ ਸਤਿਗੁਰੂ ਜੀ ਨੇ ਮੇਹਰਾਂ ਭਰਿਆ ਹੱਥ ਸਾਡੇ ਸਿਰ ਤੇ ਰਖਿਆ। ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਇਕ ਵਾਰ ਤਾਂ ਆਪਣੇ ਪਿਤਾ ਸਤਿਗੁਰੂ ਜੀ ਨਾਲ ਸਿੰਘਾਪੁਰ ਵੀ ਪਧਾਰੇ ਸਨ ਪਰ ੧੯੬੪ ਤੋਂ ੧੯੮੫ ਤਕ ਖੁਸ਼ ਹੋਣ ਦੀਆਂ ਘੜੀਆਂ ਮਹਿੰਦਰ ਕੌਰ ਜੀ ਦੇ ਚਾਅ ਸਾਡੇ ਉਮਾਹ ਨਾਲ ਵਰਤਮਾਨ ਸਤਿਗੁਰੂ ਜੀ ਦੇ ਚਰਨਾਂ ਤੋਂ ਸਦਕੇ ਹੋ-ਹੋ ਜਾਂਦੀਆਂ।

੧੦-੧੨ ਸਾਲ ਪਹਿਲਾਂ ਹਿੰਦੂ ਰਖਿਆ ਸਮਿਤੀ ਜਾਂ ਗਊ ਰਖਿਆ ਅੰਦੋਲਨ ਵਾਲਿਆਂ ਦੇ ਇਕ ਜਲੂਸ ਵਿਚ ਕੁਝ ਸ਼ਰਾਰਤੀ ਅਨਸਰਾਂ ਵਲੋਂ ਇੱਟਾਂ ਰੋੜੇ ਤੇ ਪਥਰ ਆਦਿ ਚਲੌਣ ਬਾਦ ਪੁਲਿਸ ਵਾਲਿਆਂ ਲਾਠੀਆਂ ਅਤੇ ਅਥਰੂ ਗੈਸ ਛਡੀ। ਸ੍ਰੀ ਸਤਿਗੁਰੂ ਜੀ ਮਹਾਰਾਜ ਜੀ ਅਤੇ ਹੋਰ ਸੇਵਕਾਂ ਨਾਲ ਕੋਠੀ ਵਿਚ ਸੌ ਜਣਿਆਂ ਦਾ ਡੇਰਾ ਸੀ। ਜਿਨ੍ਹਾਂ ਵਿਚੋਂ ਕਿੰਨੇ ਸਾਰੇ ਸਰੀਰ ਗਊ ਰਖਿਆ ਜਲੂਸ ਦੇ ਜ਼ਖ਼ਮੀ ਸਨ। ਮਹਿੰਦਰ ਕੌਰ ਜੀ ਉਨ੍ਹਾਂ ਦੇ ਦੁੱਧ, ਫਲ, ਦਵਾਦਾਰੂ ਦਾ ਪ੍ਰਬੰਧ ਕਰਦੇ ਫਿਰਨ, ਮੈਨੂੰ ਉਹਨਾਂ ਦੀ ਸਿਹਤ ਦਾ ਫ਼ਿਕਰ। ਜਦੋਂ ਮੈਂ ਕਿਹਾ : ਸਤਿਗੁਰੂ ਜੀ ਏਥੇ ਹੈਨ, ਜੇ ਜ਼ਰੂਰੀ ਲੋੜ ਹੋਵੇਗੀ ਹੁਕਮ ਕਰ ਦੇਣਗੇ। ਰਾਤ ਦੇ



Sri Satguru Jagjit Singh Ji eLibrary NamdhariElibrary@gmail.com

੯-੩੦ ਹੋ ਗਏ ਹਨ, ਹੁਣ ਤਾਂ ਆਰਾਮ ਕਰੋ। ਮਹਿੰਦਰ ਕੌਰ ਜੀ ਦਾ ਉੱਤਰ ਸੀ : ਸੇਠ ਜੀ ਸਾਡੇ ਵੀ ਚਾਰ ਬੱਚੇ ਜਲੂਸ ਵਿਚ ਸ਼ਾਮਲ ਸਨ, ਜੇ ਉਹਨਾਂ ਨੂੰ ਕੁਛ ਹੋ ਜਾਂਦਾ, ਫੇਰ ਅਸੀਂ ਭੱਜ ਨੱਠ ਨਾ ਕਰਦੇ ! ਇਹ ਗੁਰੂ ਕੇ ਸਿਖ ਸਾਡੇ ਕੌਣੀ ਹਨ, ਅਸੀਂ ਕਿਉਂ ਨ ਧਿਆਨ ਕਰੀਏ ? ਮੈਂ ਨਿਰੁੱਤਰ ਸਾਂ। ਉਹਨਾਂ ਦੀ ਦਲੀਲ ਸਹੀ ਸੀ।

ਉਹ ਤਾਂ ਇਕ ਮਹਾਨ ਆਤਮਾ ਸੀ ਜੋ ਮੈਨੂੰ ਅਧਵਾਟੇ ਛਡਕੇ ਚਲੀ ਗਈ।

ਇਕ ਦਿਨ ਸਤਿਗੁਰੂ ਜਗਜੀਤ ਸਿੰਘ ਜੀ ਨੇ ਮੇਰੇ ਨਾਲ ਮਖੌਲ ਕੀਤਾ : ਲੋਕੀਂ ਗੱਲਾਂ ਕਰਦੇ ਹਨ ਜਦੋਂ ਮਹਿੰਦਰ ਕੌਰ ਆਪਣੀਆਂ ੫-੭ ਸਹੇਲੀਆਂ ਨਾਲ ਬਾਹਰ ਜਾਂਦੀ ਹੈ ਤਾਂ ਮਹਾਰਾਣੀ ਲਗਦੀ ਹੈ।

ਪਿਛਲੇ ਸਾਲ ਸੱਚੇ ਪਾਤਸ਼ਾਹ ਜੀ ਥੈਂਕੌਕ ਗਏ ਤਾਂ ਉਥੋਂ ਕਛ ਮਿਠਾਈ ਨਾਲ ਲੈ ਆਏ। ਕੁਲੂ ਦੇ ਹਵਾਈ ਅੱਡੇ ਤੋਂ ਉਤਰ ਸ਼ਹਿਰ ਜਾਂਦਿਆਂ ਮੈਨੂੰ ਉਸ ਵਿਚੋਂ ਕੁਛ ਬਖਸ਼ੀ ਅਤੇ ਇਕ ਹਿੱਸਾ ਮਹਿੰਦਰ ਕੌਰ ਜੀ ਲਈ ਵੀ ਦਿਤਾ ਅਤੇ ਨਾਲ ਹੀ ਚੇਤਾ ਆ ਗਿਆ ਉਹ ਤਾਂ ਇਸ ਸੰਸਾਰ ਵਿਚ ਹੀ ਨਹੀਂ ! ਇਹ ਤਾਂ ਯਾਦ ਕਰਨ ਲਈ ਇਕ ਬਹਾਨਾ ਹੀ ਸੀ।

ਸਾਡੇ ਜੀਵਨ ਉੱਤੇ ਕੇਣ ਸਿਖ ਮਹਾਨ ਭਾਵਾਂ ਦਾ ਬੜਾ ਪ੍ਰਭਾਵ ਰਿਹਾ ਹੈ : ਬਾਬਾ ਭੋਜਾ ਸਿੰਘ ਜੀ ਮੰਡੀ ਵਾਲਾ, ਭਾਈ ਸਾਹਿਬ ਭਾਈ ਵਜ਼ੀਰ ਸਿੰਘ ਜੀ, ਸੰਤ ਰਤਨ ਸਿੰਘ ਜੀ, ਸੰਤ ਮੁਹਕਮ ਸਿੰਘ ਜੀ (ਜਿਹੜੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਿਜੀ ਸੇਵਕ) ਸੰਤ ਆਲਾ ਸਿੰਘ ਜੀ, ਸੂਬਾ ਦਰਿਆਮ ਸਿੰਘ ਜੀ, ਸੰਤ ਤੇਜਾ ਸਿੰਘ ਸਰਸਾ, ਸੰਤ ਗਿਆਨਾ ਸਿੰਘ ਜੀ, ਸੰਤ ਦਿਆਲ ਸਿੰਘ ਜੀ, ਮਾਸਟਰ ਬਲਵੰਤ ਸਿੰਘ ਜੀ, ਬਾਬਾ ਸੰਤਾ ਸਿੰਘ ਜੀ (ਡਰਕਾ) ਸੂਬਾ ਦਰਿਆਮ ਸਿੰਘ ਜੀ (ਜੀਰੀਆਂ), ਬਾਬਾ ਦਲੀਪ ਸਿੰਘ ਜੀ, ਆਦਿ।

ਸੰਤ ਰਤਨ ਸਿੰਘ ਲਾਂਗਰੀ ਦੇ ਅੰਤ ਸਮੇਂ ਸੇਵਾ ਸਤਿਕਾਰ ਤਾਂ ਮਹਿੰਦਰ ਕੌਰ ਜੀ ਨੇ ਕੀਤਾ ਹੀ ਪਰ ਚਲਾਣੇ ਸਮੇਂ ਉਨ੍ਹਾਂ ਦਾ ਸਿਵਾਨ ਸਿੰਗਾਰਨ ਨੁਹਾਉਣ ਵਿਚ ਵੀ ਕੋਈ ਕਸਰ ਨਾ ਛਡੀ, ਜਦੋਂ ਉਨ੍ਹਾਂ ਦਾ ਭੋਗ ਪਿਆ ਤਾਂ ਉਨ੍ਹਾਂ ਦੀ ਉਮਰ ਤੋਂ ਦਵਲੇ, ਕਛਹਿਰੇ, ਕੁੜਤੇ, ਦਸਤਾਰਾਂ ਅਤੇ ਮਾਇਆ ਆਦਿ ਮੱਥਾ ਟੇਕ ਕੇ, ਦਾਨ ਕਰਕੇ ਵੀ ਉਨ੍ਹਾਂ ਨੂੰ ਸੰਤੋਖ ਨਹੀਂ ਸੀ ਆ ਰਿਹਾ।

ਇਹੋ ਕਾਰਨ ਸੀ ਜਦੋਂ ਮਹਿੰਦਰ ਕੌਰ ਜੀ ਦਾ ਅੰਤਮ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਅਤੇ ਹੁਕਮ ਵਿਚ ਤਾਲਕਟੋਰਾ ਇਨਡੋਰ ਸਟੇਡੀਅਮ ਵਿਚ ਪਿਆ ਤਾਂ ਹਰ ਵਰਗ ਤੇ ਹਰ ਕਾਰੋਬਾਰ ਦੇ ਵਡੇ ਛੋਟੇ ਲੋਕੀਂ ਅੰਤਮ ਅਰਦਾਸ ਵਿਚ ਸ਼ਾਮਲ ਹੋਏ।

ਅੱਜ ਜਦੋਂ ਵੀ ਮੈਨੂੰ ਇਕਾਂਤ ਮਿਲਦੀ ਹੈ ਤਾਂ ਸਤਿ-ਗੁਰੂ ਜੀ ਦਾ ਆਸਰਾ ਅਤੇ ਮਹਿੰਦਰ ਕੌਰ ਜੀ ਦੀ ਯਾਦ ਹੀ ਮੇਰੇ ਸਨਮੁਖ ਹੁੰਦੇ ਹਨ।


REPUTED MANUFACTURER OF :

**SUPERIOR QUALITY**

**SINGLE BARREL &**

**DOUBLE BARREL**

**B. L. 12 BORE**

**GUNS**

Grams : SNIPER — Phone : 3805

**MODERN GUN WORKS**

**Opp. Industrial Estate,**
**JAMMU CANTT.**





Sri Satguru Jagjit Singh Ji eLibrary NamdhariElibrary@gmail.com

# ਕੋਸ਼-ਸ਼ਬਦ

ਇਸ ਸਿਰਲੇਖ ਹੇਠ ਅਸੀਂ ਵਖ ਵਖ ਸ਼ਬਦਾਂ ਦੇ ਕੋਸ਼ਾਂ ਵਿਚ ਦਿਤੇ ਅਰਥ ਅਤੇ ਵਿਆਖਿਆ ਪ੍ਰਕਾਸ਼ਤ ਕਰਦੇ ਹਾਂ। ਇਹ ਜਾਣਕਾਰੀ ਵਾਸਤੇ ਇਹਨਾਂ ਵਿਚ ਛਪੀਆ ਕੁਝ ਕੁ ਮਨੌਤਾਂ ਨੂੰ ਲੇਖਕ ਵੀ ਅਤੇ ਅਸੀਂ ਵੀ ਨਹੀਂ ਮੰਨਦੇ ਪਰ ਲੋਕਾਂ ਦੇ ਵਿਸ਼ਵਾਸਾਂ ਦੀ ਤਰਜਮਾਨੀ ਕਰਨ ਕਰਕੇ ਅਸੀਂ ਜਿਉਂ ਦਾ ਤਿਉਂ ਪ੍ਰਕਾਸ਼ਤ ਕਰਦੇ ਹਾਂ। ਸਾਡਾ ਆਪਣਾ ਮਤ ਅਤੇ ਮਾਨਤਾਵਾਂ ਸਪਸ਼ਟ ਹੀ ਹਨ।

—ਸੰਪਾਦਕ

## ਸ੍ਰੀ :

(੧) ਇਹ ਦੇਵੀ ਜਿਸ ਦਾ ਏਕੀਕਰਣ ਲਛਮੀ ਨਾਲ ਕੀਤਾ ਜਾਂਦਾ ਹੈ। ਰਿਗ ਵੇਦ ਵਿਚ ਇਸ ਸ਼ਬਦ ਦਾ ਪ੍ਰਯੋਗ ਖ਼ੁਸ਼ਹਾਲੀ ਦੇ ਅਰਥਾਂ ਵਿਚ ਕੀਤਾ ਗਿਆ ਹੈ। ਮਗਰੋਂ ਇਹ ਪਦ ਖ਼ੁਸ਼ਹਾਲੀ ਦੇ ਮਾਨਵੀਕਰਣ ਦੇ ਰੂਪ ਵਿਚ ਵਰਤੀਣ ਲੱਗਾ। ਤੈਤਿਰੀਯ ਸੰਹਿਤਾ ਅਨੁਸਾਰ ਸ੍ਰੀ ਤੇ ਲਛਮੀ ਦੋਵੇਂ ਆਦਿਤਯ ਦੀਆਂ ਪਤਨੀਆਂ ਸਨ। ਸ਼ਤਪਥ ਬ੍ਰਾਹਮਣ ਵਿਚ ਸ੍ਰੀ ਨੂੰ ਪ੍ਰਜਾਪਤੀ ਤੋਂ ਪੈਦਾ ਹੋਈ ਦੱਸਿਆ ਹੈ।

ਪੌਰਾਣਿਕ ਕਾਲ ਵਿਚ ਸ੍ਰੀ ਨੂੰ ਵਿਸ਼ਨੂੰ ਦੀ ਪਤਨੀ ਮੰਨਿਆ ਗਿਆ। ਪੁਰਾਣਾਂ ਅਨੁਸਾਰ ਸਮੁੰਦਰ ਮਥਣ ਵੇਲੇ ਸ੍ਰੀ ਦੇਵੀ ਰਤਨ ਦੇ ਰੂਪ ਵਿਚ ਪ੍ਰਾਪਤ ਹੋਈ ਅਤੇ ਵਿਸ਼ਨੂੰ ਨੇ ਉਸ ਨੂੰ ਗ੍ਰਹਿਣ ਕਰ ਲਿਆ। ਕੂਰਮਾ ਪੁਰਾਣ ਅਨੁਸਾਰ ਸ੍ਰੀ ਦੇਵੀ ਵਿਸ਼ਨੂੰ ਦੀ ਪਤਨੀ ਸੀ, ਜੋ ਉਨ੍ਹਾਂ ਦੀ ਆਪਣੀ ਦੈਵੀ ਸ਼ਕਤੀ ਦਾ ਹੀ ਮਾਦਾ ਪ੍ਰਕਾਸ਼ ਸੀ ਅਤੇ ਉਹ ਵਿਸ਼ਨੂੰ ਦੇ ਅੰਗਾਂ ਵਿਚੋਂ ਪ੍ਰਗਟ ਹੋਈ। ਲਛਮੀ ਵਾਂਗ ਸ੍ਰੀ ਦੀਆਂ ਚਾਰ ਬਾਹਵਾਂ ਸਨ ਅਤੇ ਨ੍ਰਿਤਯ ਦੀ ਸ਼ਿਸ਼ ਮੂਰਤੀ ਦੇ ਹੱਥਾਂ ਵਿਚ ਵੀ ਸੰਖ, ਕਮਲ ਤੇ ਕੰਵਲ ਸਨ।

ਵਿਸ਼ਨੂੰ ਪੁਰਾਣ ਅਨੁਸਾਰ ਜਦੋਂ ਵਿਸ਼ਨੂੰ ਦੇਵਤੇ ਨੇ ਮਨੁੱਖਤਾ ਦੇ ਭਲੇ ਲਈ, ਵੱਖੋ ਵੱਖਰੇ ਰੂਪਾਂ ਵਿਚ, ਅਵਤਾਰ ਧਾਰਨ ਕੀਤਾ, ਤਾਂ ਸ੍ਰੀ ਵੀ ਅਨੁਕੂਲ ਰੂਪ ਵਿਚ ਅਵਤਰਿਤ ਹੋਈ। ਇਹ ਆਪਣੇ ਪਹਿਲੇ ਜਨਮ ਵਿਚ ਪ੍ਰਜਾਪਤੀ ਦੇ ਉਦਰ ਤੋਂ ਭ੍ਰਿਗੂ ਦੀ ਧੀ ਸੀ। ਇਸ ਤੋਂ ਮਗਰਲੇ ਸਮੇਂ ਵਿਚ ਇਹ ਸਮੁੰਦਰ ਮਥਣ ਵੇਲੇ ਰਤਨਾਂ ਦੇ ਰੂਪ ਵਿਚ ਪ੍ਰਗਟ ਹੋਈ। ਜਦੋਂ ਹਰੀ ਨੇ ਵਾਮਨ ਅਵਤਾਰ ਧਾਰਨ ਕੀਤਾ, ਤਾਂ ਸ੍ਰੀ ਇਕ ਕਮਲ ਵਿਚੋਂ ਪਦਮਾ (ਜਾਂ ਕਮਲਾ) ਦੇ ਰੂਪ ਵਿਚ ਪ੍ਰਗਟ ਹੋਈ। ਜਦੋਂ ਵਿਸ਼ਨੂੰ ਨੇ ਭ੍ਰਿਗੂ ਦੀ ਕੁਲ ਵਿਚ ਰਾਮ (ਪਰਸਰਾਮ) ਦੇ ਰੂਪ ਵਿਚ ਅਵਤਾਰ ਲਿਆ, ਤਾਂ ਇਹ ਧਰਣੀ ਬਣੀ; ਜਦੋਂ ਉਹ ਰਾਘਵ (ਰਾਮਚੰਦਰ) ਬਣੇ, ਇਹ ਸੀਤਾ ਦੇ ਰੂਪ ਵਿਚ ਪ੍ਰਗਟ ਹੋਈ। ਅਖੀਰ ਜਦੋਂ ਵਿਸ਼ਨੂੰ ਕ੍ਰਿਸ਼ਨ ਦੇ ਰੂਪ ਵਿਚ ਪ੍ਰਗਟ ਹੋਏ, ਤਾਂ ਸ੍ਰੀ ਰੁਕਮਣੀ ਬਣੀ। ਸ੍ਰੀ ਦੇਵੀ ਵਿਸ਼ਨੂੰ ਦੇ ਹੋਰ ਅਵਤਾਰਾਂ ਵਿਚ ਵੀ ਉਨ੍ਹਾਂ ਦੀ ਸਾਥਣ ਰਹੀ। ਜੇ ਉਹ ਦਿਵਯ ਰੂਪ ਧਾਰਦੇ, ਤਾਂ ਇਹ ਵੀ ਦੈਵੀ ਰੂਪ ਵਿਚ ਪ੍ਰਗਟ ਹੁੰਦੀ। ਜੇ ਉਹ ਵਿਨਾਸ਼ੀ ਰੂਪ ਗ੍ਰਹਿਣ ਕਰਦੇ, ਤਾਂ ਇਹ ਵੀ ਨਾਸ਼ਮਾਨ ਰੂਪ ਵਿਚ ਜਨਮ ਲੈਂਦੀ। ਭਾਵ ਜਿਸ ਤਰ੍ਹਾਂ ਦਾ ਰੂਪ ਤੇ ਚਰਿਤ੍ਰ ਵਿਸ਼ਨੂੰ ਧਾਰਨ ਕਰਦੇ ਸਨ, ਉਸੇ ਨਾਲ ਮਿਲਦਾ ਜੁਲਦਾ ਚੋਲਾ ਸ੍ਰੀ ਦੇਵੀ ਵੀ ਗ੍ਰਹਿਣ ਕਰਦੀ ਰਹੀ। ਵਿਸ਼ਨੂੰ ਪੁਰਾਣ ਵਿਚ ਇਕ ਹੋਰ ਥਾਂ ਸ੍ਰੀ ਨੂੰ ਅਨਾਦੀ, ਅਮਰ ਤੇ ਸਰਬ ਵਿਆਪਕ ਕਿਹਾ ਗਿਆ ਹੈ।

ਕਰਤ ਦੇ ਦਿਨਾਂ ਵਿਚ ਪਿੰਡਾਂ ਵਿਚ ਸ੍ਰੀ ਦੀ ਪੂਜਾ ਦੀ ਪ੍ਰਥਾ ਹੈ। ਇਹ ਦੇਵੀ ਚੰਦਰੀਆਂ ਰੂਹਾਂ ਨੂੰ ਗਰਭ ਦੇ ਨੇੜੇ ਨਹੀਂ ਢੁਕਣ ਦੇਂਦੀ। ਅਸ਼ਵਾਲਾਯਨ ਸਿਮਰਤੀ ਅਨੁਸਾਰ ਸ੍ਰੀ ਦੀ ਪੂਜਾ ਕਰਨ ਨਾਲ ਗਰਭ ਦੀ ਰੱਖਿਆ ਹੁੰਦੀ ਹੈ।

(੨) ਵੈਸ਼ਨਵਾਂ ਦੀ ਇਕ ਸੰਪ੍ਰਦਾਇ ਵੀ ਸ੍ਰੀ ਕਹਾਉਂਦੀ ਹੈ। ਇਸ ਸੰਪ੍ਰਦਾਇ ਵਿਚ ਸ੍ਰੀ ਅਥਵਾ ਲਛਮੀ ਦੀ ਪੂਜਾ ਪ੍ਰਧਾਨ ਹੈ। ਇਸ ਮੱਤ ਦੇ ਅਨੁਯਾਈ ਸਰੀਰ ਉਤੇ ਸੰਖ, ਗਦਾ, ਚਕ੍ਰ ਆਦਿ ਦੇ ਚਿੰਨ੍ਹ ਧਾਰਨ ਕਰਦੇ ਅਤੇ ਮੱਥੇ ਉਤੇ ਦੋ-ਰੰਗਾ ਤਿਲਕ ਲਗਾਉਂਦੇ ਹਨ, ਜਿਸ ਦੀ ਵਿਚਕਾਰਲੀ ਰੇਖਾ ਤਾਂ ਲਾਲ ਹੁੰਦੀ ਹੈ, ਪਰ ਆਸ ਪਾਸ ਦੀਆਂ ਸਫੈਦ। ਇਸ ਸੰਪ੍ਰਦਾਇ ਦੇ ਪ੍ਰਚਾਰਕ ਰਾਮਾਨੁਜ ਸਨ।

(੩) ਇਕ ਆਦਰਵਾਚਕ ਸ਼ਬਦ ਜੋ ਦੇਵਤਿਆਂ, ਅਵਤਾਰਾਂ, ਗੁਰੂਆਂ ਅਤੇ ਪ੍ਰਤਿਭਾਸ਼ਾਲੀ ਵਿਅਕਤੀਆਂ ਦੇ ਨਾਵਾਂ ਦੇ ਆਦਿ ਵਿਚ ਜੋੜਿਆ ਜਾਂਦਾ ਹੈ। ਧਾਰਮਿਕ ਤੇ ਪਾਵਨ ਗ੍ਰੰਥਾਂ ਦੇ ਨਾਵਾਂ ਦੇ ਅਗੇਤਰੇ ਵੀ ਸ੍ਰੀ ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਹਿੰਦੂ ਸ਼ਾਸਤ੍ਰਾਂ ਅਨੁਸਾਰ ਸ੍ਰੀ ਸ਼ਬਦ ਦੀ ਵਰਤੋਂ, ਹਰੇਕ ਵਿਅਕਤੀ ਦੀ ਯੋਗਤਾ ਤੇ ਦਰਜੇ ਅਨੁਸਾਰ, ਖ਼ਾਸ ਗਿਣਤੀ ਵਿਚ ਹੋਣੀ ਚਾਹੀਦੀ ਹੈ। ਧਾਰਮਿਕ ਆਗੂ ਤੇ ਮਹਾਰਾਜੇ ਲਈ ੧੦੮ ਵਾਰ, ਮਾਤਾ ਪਿਤਾ ਤੇ ਗੁਰੂ ਲਈ ਛੇ ਵਾਰ, ਮਿਤ੍ਰ ਲਈ ਤਿੰਨ ਵਾਰ, ਨੌਕਰ ਲਈ ਦੋ ਵਾਰ, ਪੁਤਰ ਅਤੇ ਇਸਤ੍ਰੀ ਲਈ ਇਕ ਵਾਰ ਵਰਤੋਂ ਕਰਨੀ ਚਾਹੀਦੀ ਹੈ।

## ਸ੍ਰੀ ਇਕ ਸੌ ਅਠ :

ਮਹਾਂਪੁਰਖਾਂ, ਸੰਤਾਂ ਤੇ ਮਹਾਤਮਾਵਾਂ ਦੇ ਨਾਵਾਂ ਤੋਂ ਪਹਿਲਾਂ ਸ੍ਰੀ ਇਕ ਸੌ ਅਠ ਜਾਂ ਸ੍ਰੀ ਇਕ ਹਜ਼ਾਰ ਅਠ ਦੀ ਉਪਾਧੀ ਲਗਾਉਣ ਦੀ ਪ੍ਰਥਾ ਹੈ। ਸ੍ਰੀ ਇਕ ਸੌ ਅਠ ਮੂਲ ਵਿਚ ਸ੍ਰੀ ਇਕ ਹਜ਼ਾਰ ਅਠ ਦਾ ਸੰਖੇਪ ਰੂਪ ਹੈ। ਇਹ ਅੰਕ ਵਿਸ਼ਨੂੰ ਦੇਵਤਾ ਅਤੇ ਮਹਾਂਕਲਪ ਦਾ ਬੋਧਿਕ ਹੈ। ਵਿਸ਼ਨੂੰ


Sri Satguru Jagjit Singh Ji eLibrary NamdhariElibrary@gmail.com

ਦੇਵਤੇ ਦੇ ਅਨੇਕਾਂ ਨਾਂ ਪ੍ਰਚਲਤ ਹਨ, ਜਿਨ੍ਹਾਂ ਵਿਚੋਂ ਇਕ ਹਜ਼ਾਰ ਅਠ ਨਾਉਂ ਪ੍ਰਮੁਖ ਹਨ। ਜਿਸ ਸ਼ਖਸ ਦੇ ਨਾਂ ਨਾਲ ਇਕ ਹਜ਼ਾਰ ਅਠ/ਇਕ ਸੌ ਅਠ ਲਗਾਇਆ ਜਾਵੇ, ਉਸ ਉਤੇ ਵਿਸ਼ਨੂੰ ਦੇਵਤੇ ਦੀ ਅਪਾਰ ਬਖਸ਼ਿਸ਼ ਰਹਿੰਦੀ ਹੈ। ਦੂਜੇ ਅਰਥਾਂ ਵਿਚ ਵਿਸ਼ਨੂੰ ਆਪਣੇ ਇਕ ਹਜ਼ਾਰ ਅਠ ਨਾਵਾਂ ਦੀ ਸਾਰੀ ਸ਼ਕਤੀ ਉਸ ਪ੍ਰਾਣੀ ਵਿਚ ਸਿੰਜ ਦੇਂਦਾ ਹੈ।

ਦੂਜਾ, ਇਹ ਅੰਕ ਮਹਾਂਕਲਪ ਦਾ ਬੋਧਿਕ ਹੈ। ਆਸਮਾਨ ਦੇ ਸਾਰੇ ਗ੍ਰਹਿ ਤੇ ਸਾਡੀ ਧਰਤੀ, ਇਕ ਦੂਜੇ ਤੋਂ ਜਿਸ ਦਿਸ਼ਾ-ਸਥਿਤੀ ਤੇ ਵਿੱਥ ਉਤੇ ਸਥਿਤ ਹੋਣ, ਉਸੇ ਦਿਸ਼ਾ ਸਥਿਤੀ ਤੇ ਵਿੱਥ ਉਤੇ ਮੁੜ ਆਉਣ ਦੇ ਸਮੇਂ ਨੂੰ ਮਹਾਂਕਲਪ ਕਿਹਾ ਜਾਂਦਾ ਹੈ। ਅਥਵਾ ਸੱਤੇ ਗ੍ਰਹਿ—ਸੂਰਜ, ਚੰਨ, ਮੰਗਲ, ਬੁਧ, ਬ੍ਰਹਸਪਤੀ, ਸ਼ੁਕਰ ਤੇ ਸ਼ਨੀ ਆਦਿ ਆਪਣਾ ਪ੍ਰਕਰਮਕ ਭ੍ਰਮਣ ਪੂਰਾ ਕਰ ਕੇ ਜਿਤਨੇ ਸਮੇਂ ਵਿਚ ਮੁੜ ਉਸ ਧਰਾਤਲ ਵਿਚ ਆ ਟਿਕਦੇ ਹਨ, ਜਿਥੋਂ ਇਨ੍ਹਾਂ ਦਾ ਇਹ ਪ੍ਰਕਰਮਕ ਚੱਕਰ ਸ਼ੁਰੂ ਹੋਇਆ ਮਿਥਿਆ ਗਿਆ ਸੀ, ਉਸ ਸਮੇਂ ਨੂੰ ਮਹਾਂਕਲਪ ਕਿਹਾ ਗਿਆ ਹੈ। ਇਹ ਸਮਾਂ ੪,੩੨੦,੦੦੦ ਵਰ੍ਹਿਆਂ ਦਾ ਮੰਨਿਆ ਜਾਂਦਾ ਹੈ। ਇਹ ਸਮਾਂ ਚੌਹਾਂ ਯੁਗਾਂ—ਸਤਜੁਗ, ਤ੍ਰੇਤਾ, ਦੁਆਪਰ ਤੇ ਕਲਜੁਗ ਦੀ ਮਿਲਵੀਂ ਅਵਧੀ ਦੇ ਬਰਾਬਰ ਹੈ। ਪਰ ਜੋਤਿਸ਼ ਦੇ ਕੁਝ ਸਿਧਾਂਤ, ਚਹੁੰ ਜੁਗਾਂ ਦੇ ਮਿਲਾ ਕੇ ਪੂਰੇ ਕੀਤੇ ਇਕ ਚੱਕਰ ਨੂੰ, ਕੇਵਲ ਕਲਪ ਮੰਨਦੇ ਹਨ ਅਤੇ ਇਕ ਹਜ਼ਾਰ ਅਠ (ਜਾਂ ਇਕ ਹਜ਼ਾਰ) ਕਲਪਾਂ ਨੂੰ ਇਕ ਮਹਾਂ ਕਲਪ। ਇਸੇ ਲਈ ਇਕ ਹਜ਼ਾਰ ਅਠ ਦੀ ਗਿਣਤੀ ਮਹੱਤਵ ਪੂਰਣ ਹੈ। ਸੋ ਸ੍ਰੀ ੧੦੮ ਦਾ ਭਾਵ, ਕਲਪ ਦੀ ਦ੍ਰਿਸ਼ਟੀ ਤੋਂ ਇਹ ਹੈ ਕਿ ਮਹਾਂ ਕਲਪ ਦੇ ਆਰੰਭ ਤੋਂ ਲੈ ਕੇ ਅੰਤ ਤਕ, ਸਾਰੇ ਸਮੇਂ ਉਸ ਪ੍ਰਾਣੀ ਨਾਲ, ਸ੍ਰੀ ਅਥਵਾ ਵਿਸ਼ਨੂੰ ਦੇਵਤੇ ਦੀ ਸ਼ਕਤੀ ਰਹੇਗੀ।

ਇਕ ਸੌ ਅਠ ਦੇ ਅੰਕੜੇ ਨੂੰ ਰਹੱਸਮਈ ਤੇ ਪਵਿਤਰ ਮੰਨਣ ਦੀ ਪਰੰਪਰਾ ਬੜੀ ਪੁਰਾਣੀ ਹੈ। ਰਵਾਇਤ ਹੈ ਕਿ ਗੌਤਮ ਦੇ ਜਨਮ ਸਮੇਂ ਉਸ ਦੇ ਭਵਿਖਤ ਦੱਸਣ ਲਈ ਜੋ ਬ੍ਰਾਹਮਣ ਸੱਦੇ ਗਏ ਸਨ, ਉਨ੍ਹਾਂ ਦੀ ਗਿਣਤੀ ਇਕ ਸੌ ਅਠ ਸੀ। ਕਈ ਗ੍ਰੰਥਾਂ ਵਿਚ ਭਾਰਤ ਦੇ ਪਵਿਤ੍ਰ ਤੀਰਥਾਂ ਦੀ ਸੰਖਿਆ ਅਠਾਹਠ ਦੀ ਥਾਂ ਇਕ ਸੌ ਅਠ ਦਿਤੀ ਮਿਲਦੀ ਹੈ। ਉਪਨਿਸ਼ਦਾਂ ਦੀ ਗਿਣਤੀ ਵੀ ਇਕ ਸੌ ਅਠ ਮੰਨੀ ਗਈ ਹੈ।

ਹਿੰਦੁਸਤਾਨ ਤੋਂ ਬਾਹਰ ਤਿੱਬਤ ਤੇ ਚੀਨ ਵਿਚ ਵੀ ਇਕ ਸੌ ਅਠ ਦਾ ਅੰਕ ਪਾਵਨ ਸਮਝਿਆ ਜਾਂਦਾ ਹੈ ਅਤੇ ਉਥੇ ਮਕਾਨ ਦੀ ਨੀਂਹ ਰਖਣ ਵੇਲੇ ਅਤੇ ਕੁਝ ਸੰਸਕਾਰਾਂ ਸਮੇਂ ਇਸ ਰਹੱਸਮਈ ਅੰਕ ਦੀ ਵਰਤੋਂ ਕੀਤੀ ਜਾਂਦੀ ਹੈ। ਤਿੱਬਤ ਤੇ ਬਰਮਾ ਵਿਚ ਮਾਲਾ ਦੇ ਮਣਕਿਆਂ ਦੀ ਗਿਣਤੀ ੧੦੮ ਹੁੰਦੀ ਹੈ।

**ਇਕ ਸੌ ਅੱਠ :**

ਇਕ ਰਹੱਸਮਈ ਅੰਕੜਾ; ਇਸ ਅੰਕ ਵਿਚ ਬ੍ਰਹਿਮੰਡ ਦੀ ਸਾਰੀ ਸ਼ਕਤੀ ਸਤ ਰੂਪ ਵਿਚ ਵਿਦਮਾਨ ਮੰਨੀ ਜਾਂਦੀ ਹੈ। ਇਹ ਅੰਕ ਪਹਿਲਾਂ ਸੂਰਜ ਤੇ ਚੰਦਰਮਾਂ ਨਾਲ ਜੋੜਿਆ ਜਾਂਦਾ ਸੀ। ਸੂਰਜ ਦੀਆਂ ਬਾਰਾਂ ਰਾਸ਼ੀਆਂ ਹਨ, ਹਰੇਕ ਰਾਸ਼ੀ ਦੇ ਅੱਗੋਂ ਨੌਂ ਨੌਂ ਅੱਖਰ ਹਨ, ਜਿਸ ਤੋਂ ਸਾਰਾਂ ਰਾਸ਼ੀਆਂ ਦੇ ਕੁਲ ਅੱਖਰ ੧੦੮ ਬਣੇ। ਇਸੇ ਤਰ੍ਹਾਂ ਨਛਤ੍ਰ ਸਤਾਈ ਹਨ ਅਤੇ ਹਰੇਕ ਨਛਤਰ ਦੇ ਅਗੋਂ ਚਾਰ ਚਾਰ ਅੱਖਰ ਹਨ। ਇਉਂ ਨਛਤਰਾਂ ਦੇ ਕੁਲ ਅੱਖਰ ੧੦੮ ਬਣਦੇ ਹਨ। ਸੋ ੧੦੮ ਅੰਕ ਸੂਰਜ ਤੇ ਚੰਨ ਦੀ ਸਾਰੀ ਗਤੀ, ਵਿਕਾਸ ਤੇ ਉਠਾਣ ਦਾ ਬੋਧਿਕ ਹੋਣ ਕਰਕੇ ਰਹੱਸਮਈ ਸ਼ਕਤੀ ਦਾ ਧਾਰਨੀ ਹੈ।

ਹਿੰਦੂਆਂ ਵਿਚ ਇਕ ਸੌ ਅੱਠ ਮਣਕਿਆਂ ਵਾਲੀ ਜਪਮਾਲਾ ਸਭ ਤੋਂ ਸਰੇਸ਼ਟ ਮੰਨੀ ਜਾਂਦੀ ਹੈ। ਯੋਗਿਨੀ ਤੰਤ੍ਰ ਅਨੁਸਾਰ ਸ਼ਿਵ ਦਾ ਕਥਨ ਹੈ ਕਿ ਇਕ ਸੌ ਅੱਠ ਮਣਕੇ ਦੀ ਮਾਲਾ ਫੇਰਨ ਨਾਲ ਸਰਵ ਸਿੱਧੀ ਪ੍ਰਾਪਤ ਹੁੰਦੀ ਹੈ। ਤੰਤ੍ਰ ਸ਼ਾਸਤਰ ਅਨੁਸਾਰ ਦੇਵਨਾਗਰੀ ਦੀ ਬਾਵਨ ਅੱਖਰੀ ਦੇ ਦੋ ਅੱਖਰਾਂ ਨੂੰ ਛੱਡ ਕੇ ਬਾਕੀ ਪੰਜਾਹ ਅੱਖਰਾਂ ਦਾ ਸਿੱਧਾ ਪੁੱਠਾ ਪਾਠ ਕਰਨ ਨਾਲ ਸੌ ਦੀ ਗਿਣਤੀ ਬਣਦੀ ਹੈ, ਫਿਰ ਇਨ੍ਹਾਂ ਹੀ ਅੱਖਰਾਂ ਵਿਚ ਹਰ ਵਰਗ ਦੇ ਮੁੱਢ ਦਾ ਇਕ ਇਕ ਅੱਖਰ (ਅ, ਕ, ਚ, ਟ, ਤ, ਪ, ਯ, ਸ਼) ਜੋੜਨ ਨਾਲ ਅੱਠ ਹੋਰ ਅੱਖਰ ਬਣਦੇ ਹਨ। ਇਹ ੧੦੮ ਅੱਖਰ ਸ਼ਬਦ-ਬ੍ਰਹਮਣੀ ਹਨ।

ਇਕ ਸੌ ਅੱਠ ਦਾ ਅੰਕ ਜਾਦੂ ਟੂਣੇ ਦੀਆਂ ਰੀਤਾਂ ਵੇਲੇ ਬੜਾ ਗੁਣਕਾਰੀ ਤੇ ਸ਼ਕਤੀਸ਼ਾਲੀ ਮੰਨਿਆ ਜਾਂਦਾ ਹੈ। ਨੂਰਪੁਰ ਵਿਚ ਬੁਰੇ ਨਛੱਤਰਾਂ ਹੇਠ ਜੰਮੇ ਬੱਚੇ ਨੂੰ ਇਕ ਸੌ ਅੱਠ ਮੋਰੀਆਂ ਵਾਲੇ ਛੱਜ ਵਿਚ ੧੦੮ ਰੁੱਖਾਂ ਦੇ ਪੱਤੇ, ੧੦੮ ਪਿੰਡਾਂ ਦੀਆਂ ਠੀਕਰੀਆਂ ਅਤੇ ੧੦੮ ਖੂਹਾਂ ਦਾ ਪਾਣੀ ਪਾ ਕੇ ਨੁਹਾਉਂਦੇ ਹਨ। ਕਰਨਾਲ ਤੇ ਰੋਹਤਕ ਵਿਚ ਜੇ ਤ੍ਰਿਖਲ ਲੜਕਾ ਪੈਦਾ ਹੋਵੇ ਤਾਂ ਉਸ ਦੇ ਮੰਦ-ਪ੍ਰਭਾਵ ਤੋਂ ਰੱਖਿਆ ਲਈ ਮਾਪੇ ਇਕ ਹੱਲ ਉਤੇ ਬੈਠ ਕੇ ੧੦੮ ਮੋਰੀਆਂ ਵਾਲੇ ਘੜੇ ਦੇ ਪਾਣੀ ਨਾਲ ਨਹਾਉਂਦੇ ਹਨ। ਇਸ ਘੜੇ ਵਿਚ ੨੭ ਖੂਹਾਂ ਦਾ ਪਾਣੀ, ਗੰਗਾ-ਜਲ ਤੇ ਦੁੱਧ ਤੋਂ ਬਿਨਾਂ ੧੦੮ ਜੜ੍ਹੀਆਂ ਬੂਟੀਆਂ ਵੀ ਰਲਾਈਆਂ ਜਾਂਦੀਆਂ ਹਨ।

X



Sri Satguru Jagjit Singh Ji eLibrary NamdhariElibrary@gmail.com

# ਵਿਚ ਦੁਨੀਆ ਸੇਵ ਕਮਾਈਐ

—ਤਾਰਾ ਸਿੰਘ ਅਨਜਾਣ

ਆਮ ਤੌਰ ਉਤੇ ਸਮਝਿਆ, ਸੰਸਾਰਕ ਸੁਖਾਂ ਦੇ ਨਾਲ ਨਾਲ ਐਸ਼ਪ੍ਰਸਤੀ ਅਤੇ ਹੰਕਾਰ ਦਾ ਰਾਹ ਵੀ ਮੋਕਲਾ ਕਰਦਾ ਹੈ ਪਰ ਗੁਰੂ ਚਰਨਾਂ ਦੇ ਭੌਰੇ ਸੇਠਾਣੀ ਮਹਿੰਦਰ ਕੌਰ ਜੀ ਇਹਨਾਂ ਅਲਾਮਤਾਂ ਤੋਂ ਬਚੇ ਰਹੇ। ਉਨ੍ਹਾਂ ਸਭ ਸੁਖ ਸਤਿਗੁਰੂ ਸਚੇ ਪਾਤਸ਼ਾਹ ਦੀ ਕ੍ਰਿਪਾ ਨਾਲ ਪ੍ਰਾਪਤ ਹੋਏ ਹੀ ਸਮਝੇ ਅਤੇ ਆਪਣੇ ਜੀਵਨ ਕਾਲ ਸਮੇਂ, ਉਸ ਦੇ ਸ਼ੁਕਰਾਨੇ ਵਜੋਂ ਸੇਵਾ ਅਤੇ ਭਗਤੀ ਨੂੰ ਹੀ ਪ੍ਰਮੁੱਖਤਾ ਦਿਤੀ।

ਸੇਠਾਣੀ ਜੀ ਦਾ ਜੀਵਨ ਇਕ ਸੱਚੇ, ਸੁੱਚੇ, ਗੁਰਮੁਖ ਵਾਲਾ ਜੀਵਨ ਹੀ ਸੀ। ਕਿਸੇ ਸਿਖ ਸਾਧ ਦੀ ਮਦਦ ਕਰਨਾ ਅਤੇ ਲੋੜਵੰਦ ਦੇ ਕੰਮ ਆਉਣਾ ਆਪ ਦਾ ਸੁਭਾ ਸੀ। ਕਿਸੇ ਦੀ ਸਹਾਇਤਾ ਕਰਨ ਦਾ ਅਵਸਰ ਪ੍ਰਾਪਤ ਕਰਨ ਨੂੰ ਆਪ ਆਪਣਾ ਸੁਭਾਗ ਸਮਝਦੇ ਸਨ।

ਆਪ ਦਾ ਪਰਿਵਾਰਕ ਅਤੇ ਗ੍ਰਿਹਸਤੀ ਜੀਵਨ ਵੀ ਚਾਨਣ ਮੁਨਾਰੇ ਵਾਂਗ ਰੋਸ਼ਨੀ ਦੇਣ ਵਾਲਾ ਸੀ। ਆਪ ਨੇ ਇਕ ਆਦਰਸ਼ ਪਤਨੀ ਦਾ ਅਮਲੀ ਜੀਵਨ ਜੀਵਿਆ। ਸੇਠ ਤ੍ਰਿਲੋਕ ਸਿੰਘ ਜੀ ਦੀ ਜੀਵਨ ਸਾਥੀ ਦੇ ਰੂਪ ਵਿਚ ਆਪਣੇ ਸਦ ਗੁਣਾ ਕਰਕੇ ਹੀ ਪਰਿਵਾਰਕ ਸੁਖਾਂ ਦਾ ਆਨੰਦ ਮਾਣਿਆ।

ਆਪ ਇਕ ਆਦਰਸ਼ ਮਾਂ ਸਨ। ਬੱਚਿਆਂ ਦਾ ਪਾਲਣ-ਪੋਸਣ ਕਰਨਾ ਤਾਂ ਹਰ ਮਾਂ ਦਾ ਸਾਧਾਰਨ ਰੂਪ ਵਿਚ ਕਰਨ ਵਾਲਾ ਕਾਰਜ ਹੁੰਦਾ ਹੈ ਪਰ ਸੇਠਾਣੀ ਜੀ ਨੇ ਸਤਿਗੁਰੂ ਜੀ ਦੀ ਬਖਸ਼ਸ਼ ਨਾਲ ਹੋਏ ੭ ਪੁਤਰਾਂ ਅਤੇ ੧ ਪੁਤਰੀ ਨੂੰ ਲੋਕ ਅਤੇ ਪ੍ਰਲੋਕ ਸੁਧਾਰਨ ਵਲ ਲਾਇਆ। ਆਪ ਨੇ ਉਨ੍ਹਾਂ ਨੂੰ ਬਚਪਨ ਤੋਂ ਹੀ ਅੰਮ੍ਰਿਤ ਵੇਲੇ ਸਵੇਰੇ ਉਠਣ, ਇਸ਼ਨਾਨ ਕਰਨ, ਬਾਣੀ ਪੜ੍ਹਨ ਅਤੇ ਸੁਆਸ ਸੁਆਸ ਨਾਮ ਸਿਮਰਨ ਦੀ ਚੇਟਕ ਲਾਈ ਜੋ ਉਨ੍ਹਾਂ ਦਾ ਨਿਤਨੇਮ ਬਣ ਗਈ। ਸੇਠਾਣੀ ਜੀ ਨੇ ਆਪਣਾ ਨੂਰ ਨਹੀਂ ਗੁਆਇਆ ਸਗੋਂ ਭਗਤ ਅਤੇ ਦਾਤਾ ਬੱਚਿਆਂ ਨੂੰ ਜਨਮ ਦਿਤਾ ਅਤੇ ਪਾਲਿਆ ਪੋਸਿਆ। ਆਪ ਨੇ ਉਨ੍ਹਾਂ ਨੂੰ ਸੱਚੀ-ਸੁੱਚੀ ਸਿੱਖਿਆ ਦਿਤੀ।

ਆਪ ਨੇ ਸਤਿਗੁਰੂ ਸਚੇ ਪਾਤਸ਼ਾਹ ਜੀ ਦੇ ਹੁਕਮ ਨੂੰ ਸਦਾ ਸਤਿ ਬਚਨ ਕਰਕੇ ਮੰਨਿਆ। ਗੁਰੂ ਘਰ ਦੀਆਂ ਖੁਸ਼ੀਆਂ ਅਤੇ ਸੇਵਾ ਆਪ ਲਈ ਵੱਡਮੁੱਲਾ ਖਜ਼ਾਨਾ ਸੀ। ਇਸ ਕਰਕੇ ਪਹਿਲੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਆਪ ਜੀ ਦੇ ਪਰਿਵਾਰ ਉਤੇ ਸਦਾ ਹੀ ਕ੍ਰਿਪਾ ਦ੍ਰਿਸ਼ਟੀ ਰਹੀ ਹੈ।

ਆਪ ਨੇ ਸੰਸਾਰ ਵਿਚ, ਸਦਾ ਹੀ ਸਤਿਗੁਰੂ, ਸਾਧ ਸੰਗਤ ਅਤੇ ਆਪਣੇ ਜੀਵਨ ਸਾਥੀ ਦੀ ਸੇਵਾ ਵਿਚ ਹੀ ਸੁਖ ਆਨੰਦ ਮਾਣਿਆ ਸੋ ਗੁਰਬਾਣੀ ਦੀ ਇਹ ਤੁਕ ਆਪ ਉਤੇ ਪੂਰੀ ਤਰ੍ਹਾਂ ਢੁਕਦੀ ਹੈ/ਪ੍ਰਲੋਕ ਸਿਧਾਰਨ ਬਾਦ ਵੀ ਸਾਰਥਕ ਹੁੰਦੀ ਹੈ,

"ਵਿਚ ਦੁਨੀਆ ਸੇਵ ਕਮਾਈਐ।
ਤਾਂ ਦਰਗਹ ਬੈਸਣੁ ਪਾਈਐ।"

# "ਸਾਚੀ ਪ੍ਰੀਤ ਹਮ ਤੁਮ ਸਿਉ ਜੋਰੀ"

ਗੁਰਬਾਣੀ ਦੀ ਤੁਕ ਅਨੁਸਾਰ ਸੇਠਾਣੀ ਮਹਿੰਦਰ ਕੌਰ ਜੀ ਨੇ ਪਰਿਵਾਰ ਵਿਚ ਰਹਿੰਦੇ ਹੋਏ ਵੀ ਸਤਿਗੁਰੂ ਜੀ ਦੇ ਪਵਿਤਰ ਚਰਨਾਂ ਨਾਲ ਪ੍ਰੀਤ ਨਿਬਾਹੀ ਹੈ ਅਤੇ ਹੁਣ ਸੱਚ ਖੰਡ ਵਿਚ ਜਾ ਬਿਰਾਜੇ ਹਨ!

"ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ"
ਮੁਤਾਬਕ ਅਜ ਅਸੀਂ ਉਹਨਾਂ ਦੀ ਯਾਦ ਮਨਾ ਰਹੇ ਹਾਂ।

ਸੇਠਾਣੀ ਜੀ ਜਦੋਂ ਵੀ ਅਪਣੇ ਬੱਚਿਆਂ ਨੂੰ ਸਿਖਿਆ ਦਿੰਦੇ ਸਨ ਤਾਂ ਹਮੇਸ਼ਾ ਅਪਣੇ ਸਤਿਗੁਰੂ ਜੀ ਵਾਲੇ ਪਾਸੇ ਦੀ ਹੀ ਪਰੇਰਨਾ ਦਿੰਦੇ ਸਨ! ਘਰ ਆਈ ਸਾਧ ਸੰਗਤ ਦਾ ਕਿਵੇਂ ਸਿਰਫ ਸਤਿਕਾਰ ਕਰਨਾ ਹੈ, ਇਹ ਉਹਨਾਂ ਵਿਚ ਵਿਸ਼ੇਸ਼ ਗੁਣ ਸਨ।

ਸਿਖਿਆ ਤੇ ਬੜੀਆਂ ਦਿੰਦੇ ਸਨ ਜਿਨ੍ਹਾਂ ਵਿਚੋਂ ਇਕ ਦਾ ਜ਼ਿਕਰ ਕਰਨ ਲਗਾ ਹਾਂ! ਇਕ ਵਾਰੀ ਉਹਨਾਂ ਦੇ ਸਪੁਤਰ ਭੁਪਿੰਦਰ ਸਿੰਘ ਜੀ ਨੇ ਮੈਨੂੰ ਦਸਿਆ ਕਿ ਬੀਬੀ ਜੀ ਆਖਦੇ ਹੁੰਦੇ ਸਨ ਕਿ ਜਦੋਂ ਵੀ ਪ੍ਰਸ਼ਾਦਾ ਛਕਣਾ ਹੋਵੇ ਪਹਿਲਾਂ ਆਪ ਬੈਠੋ ਅਤੇ ਛਕਾਣ ਵਾਲਾ ਬਾਦ ਵਿਚ ਪ੍ਰਸ਼ਾਦਾ ਲਿਆਵੇ। ਕਿਉਂਕਿ ਅੰਨ ਦੇਵਤਾ ਹੈ ਅਤੇ ਇਹਦਾ ਜਿੰਨਾ ਅਦਬ ਕੀਤਾ ਜਾਏ ਚੰਗਾ ਹੈ। ਹਮੇਸ਼ਾ ਛਕਣ ਵਾਲਾ ਪ੍ਰਸ਼ਾਦੇ ਨੂੰ ਉਡੀਕੇ ਨਾ ਕਿ ਪ੍ਰਸ਼ਾਦਾ, ਛਕਣ ਵਾਲੇ ਨੂੰ ਉਡੀਕੇ।

ਕਈ ਵਾਰੀ ਵੇਖਣ ਸੁਣਨ ਵਿਚ ਆਉਂਦਾ ਹੈ ਕਿ ਬੰਦਾ ਆਖਦਾ ਹੈ ਮੇਰੀ ਰੋਟੀ ਪਾ ਕੇ ਰਖੋ ਮੈਂ ਹੱਥ ਮੂੰਹ ਧੋਕੇ ਆਇਆ। ਇਹ ਨਹੀਂ ਹੋਣਾ ਚਾਹੀਦਾ! ਕਿਉਂਕਿ ਮਰਯਾਦਾ ਦੇ ਉਲਟ ਹੈ।

ਸੋ ਇਹੋ ਜਿਹੇ ਸਭ ਦੈਵੀ ਗੁਣ ਉਹਨਾਂ ਵਿਚ ਸਨ। ਤਾਂ ਹੀ ਗੁਰਬਾਣੀ ਆਖਦੀ ਹੈ। "ਈਹਾ ਖਾਟਿ ਚਲਹੁ ਹਰਿ ਲਾਹਾ ਆਗੈ ਬਸਨੁ ਸੁਹੇਲਾ"।

—ਹਰਭਜਨ ਸਿੰਘ "ਨਿਰਮਲ" ਬੈਂਕੋਕ



Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ

—ਪ੍ਰੀਤਮ ਸਿੰਘ ਕਵੀ

(ਲੜੀ ਜੋੜਨ ਲਈ ਵਰਿਆਮ ਦਾ ਅਗਸਤ ੧੯੮੭ ਅੰਕ ਦੇਖੋ)

੧੨ ਅਕਤੂਬਰ ੧੯੭੮, ਵੀਰਵਾਰ
ਨਵੀਂ ਦਿੱਲੀ

### ਆਨੰਦ ਦਾ ਚੱਕਰ

ਸੰਤ ਮਹਿੰਦਰ ਸਿੰਘ ਬਾਲੀ ਨਗਰ ਦੀ ਲੜਕੀ ਅਤੇ ਸੰਤ ਰੂਪ ਸਿੰਘ ਭਬਵਾਲੀ ਦੇ ਲੜਕੇ ਮਾਲਵਿੰਦਰ ਸਿੰਘ ਦਾ ਆਨੰਦ ਕਾਰਜ ਪਹਿਲਾਂ ਭੈਣੀ ਸਾਹਿਬ ਕਰਨਾ ਨਿਸਚਿਤ ਕੀਤਾ ਗਿਆ ਸੀ। ਉਦੋਂ ਸਤਿਗੁਰੂ ਜੀ ਦਾ ੧੯-੧੦-੭੮ ਨੂੰ ਥਾਈਲੈਂਡ ਜਾਣ ਦਾ ਕਾਰਜਕ੍ਰਮ ਸੀ। ਮਗਰੋਂ ਪਤਾ ਲਗਾ ਕਿ ਉਸ ਦਿਨ ਜਹਾਜ਼ ਦੀ ਟਿਕਟ ਉਪਲਬਧ ਨਹੀਂ ਹੋਵੇਗੀ ਇਹ ੨੬-੧੦ ਨੂੰ ਹੀ ਮਿਲ ਸਕੇਗੀ। ਸੋ ਮਹਿੰਦਰ ਸਿੰਘ ਹੁਰਾਂ ਨੂੰ ਕਿਹਾ ਗਿਆ ਕਿ ਜੇ ਅਨੰਦਕਾਰਜ ਗੁਰੂ ਕੀ ਹਜ਼ੂਰੀ ਵਿਚ ਹੀ ਕਰਨ ਦੀ ਇਛਾ ਹੈ ਤਾਂ ੧੫-੧੦-੭੮ ਨੂੰ ਸ੍ਰੀ ਭੈਣੀ ਸਾਹਿਬ ਲੜਕਾ ਲੜਕੀ ਪਹੁੰਚ ਜਾਣ।

ਸਤਿਗੁਰੂ ਜੀ ਕਲ ਰੁੜਕੀ (ਯੂ. ਪੀ.) ਜਾਣਗੇ, ਓਥੋਂ ਸਿਰੇ ਭੈਣੀ ਸਾਹਿਬ ਅਤੇ ਅਗਲੇ ਦਿਨ ਬਚਿਆਂ ਦਾ ਆਨੰਦ ਕਾਰਜ ਕਰਕੇ ਵਾਪਸ ਦਿੱਲੀ ਆ ਜਾਣਗੇ।

ਸਤਿਗੁਰੂ ਜੀ ਦਾ ਸਕੱਤਰ ਤੇ ਸੰਤ ਮਹਿੰਦਰ ਸਿੰਘ ਪਹਿਲਾਂ ਵਖ ਵਖ ਥਾਵਾਂ ਤੋਂ ਭਬਵਾਲੀ ਰੂਪ ਸਿੰਘ ਹੁਰਾਂ ਨੂੰ ਫੋਨ ਕਰਨ ਦਾ ਜਤਨ ਕਰਦੇ ਰਹੇ, ਫੇਰ ਇਕ ਆਦਮੀ ਹੀ ਭਬਵਾਲੀ ਨੂੰ ਭੇਜਿਆ ਗਿਆ ਤਾਕਿ ਰੂਪ ਸਿੰਘ ਦਾ ਲੜਕਾ ੧੪-੧੦-੭੮ ਸ਼ਾਮ ਤਕ ਭੈਣੀ ਸਾਹਿਬ ਪਹੁੰਚ ਸਕੇ।

### ਮੇਰਾ ਮਿੱਤਰ

ਮੇਰੇ ਮਿੱਤਰ ਵਾਸਤੇ ਪਹਿਲਾਂ ਤਾਂ ਹੈੱਡ ਕੁਆਰਟਰ ਵਿਚ ਸ਼ੱਕ ਉਪਜਿਆ ਕਿ ਉਹ ਫੋਨ ਸੁਣਾਉਣ ਨਹੀਂ ਆਵੇਗਾ। ਹੰਸਪਾਲ ਦਾ ਕਹਿਣਾ ਸੀ ਕਿ ਉਹ ਗੱਲ ਮੁਕਾ ਬੈਠਾ ਹੈ। ਪਰ ਇਹ ਗ਼ਲਤ ਫ਼ਹਿਮੀ ਹੀ ਨਿਕਲੀ। ਮਿੱਤਰ ਦਿਨੇ ੧੧-੧੨ ਵਜੇ ਦੇ ਵਿਚਾਲੇ ਗੁਰੂ ਕੀ ਹਾਜ਼ਰੀ ਨਮਿਤ ਆਇਆ। ਸਤਿਗੁਰੂ ਜੀ ਨੇ ਤਦ ਪ੍ਰਸ਼ਾਦ ਛਕਣਾ ਸੀ, ਇਸ ਲਈ ੩ ਵਜੇ ਆਉਣ ਵਾਸਤੇ ਆਖਿਆ ਗਿਆ। ਫਿਰ ਉਹ ੫ ਵਜੇ ਆਇਆ ਅਤੇ ਨਾਮ ਸਿਮਰਨ ਤੇ ਕੀਰਤਨ ਦੀ ਸਮਾਪਤੀ ਉਪਰੰਤ ਗੁਰੂ ਕੀ ਹਜ਼ੂਰੀ ਵਿਚ ਹੱਥ ਜੋੜ ਕੇ ਖਲੋ ਗਿਆ। ਸ੍ਰੀ ਸਤਿਗੁਰੂ ਜੀ ਨੇ ਵਿਆਹ ਤੋਂ ਪਹਿਲੋਂ ਦੇ ਨਗਨਸਾਰ ਕਾਰਣ ੪੦੦੦/- ਫੋਨ ਲਾਇਆ। ਵਿਆਖਿਆ



ਸਤਿਗੁਰੂ ਜਗਜੀਤ ਸਿੰਘ ਜੀ

ਕੀਤੀ : ਤੁਸੀਂ ਮੰਨਦੇ ਹੋ ਕਿ ਤੁਸਾਂ ੨੦੦੦/- ਸ਼ਗਨ ਤੇ ਖਰਚ ਕੀਤੇ ਹਨ। ਫਿਰ ਇਹ ਆਈ ਹੈ ਕਿ ੮੦੦੦/- ਖਰਚ ਕੀਤਾ ਗਿਆ ਹੈ। ਮੈਂ ਦੋਹਾਂ ਗਲਾਂ ਨੂੰ ਮਿਲਾਕੇ ੪੦੦੦/- ਫੋਨ ਲਾਇਆ ਹੈ।

'ਸਤਿਬਚਨ ਜੀ' ਕਹਿ ਕੇ ਮਿੱਤਰ ਨੇ ਖਿੜੇ ਮੱਥੇ ਹੱਥ ਜੋੜਕੇ ਤੇ ਪਰਵਾਨ ਕੀਤਾ।

ਇਸ ਮੌਕੇ ਆਕੇ ਸੰਤ ਅਵਤਾਰ ਸਿੰਘ ਨੇ ਆਪਣੀ ਪੋਤਰੀ ਦੀ ਸ਼ਾਦੀ ਵਾਸਤੇ ਅਰਜ਼ ਕੀਤੀ ਤਾਂ ਸਤਿਗੁਰਾਂ ਕਿਹਾ : ਕੱਲ ਹੀ ਦਵੋ ਪਿਰਾ ਭੈਣੀ ਸਾਹਿਬ ਰਲੇ ਜਾਓ। ਪਰ ਜੇ ਅਗਲੇ ਘਰ ਨੇ ਕੁਝ ਕੀਤਾ ਕਰਵਾਇਆ ਹੋਵੇ ਤਾਂ ਫੋਨੇ ਜਾਣ ਦਾ ਮਨ ਬਣਾ ਕੇ ਆਵੇ।

ਸੰਤ ਅਵਤਾਰ ਸਿੰਘ ਹੁਰਾਂ ਨੇ ਆਪਣੀ ਇੱਛਾ ਉਤੇ ਸਤਿਗੁਰੂ ਜੀ ਵਲੋਂ ਫੋਨੇ ਜਾਣਾ ਪਰਵਾਨ ਕਰਕੇ ਇਕ ਚੰਗੀ ਗੱਲ ਕੀਤੀ। ਉਂਦ ਸਤਿਗੁਰੂ ਜੀ ਨਾਲ ਕਾਫੀ ਮਾਨਸਿਕ ਨੇੜਤਾ ਰਖਦੇ ਹਨ ਤੇ ਪੁੱਤਰੀ ਦੇ ਮੋਹ ਨੇ ਜੋ ਅਵੱਗਿਆ ਕਰਵਾਈ ਸੀ ਉਹ ਪਿਛੇ ਮੱਥੇ ਫੋਨ ਲੁਆਕੇ ਸਥਿਤੀ ਬਰਕਰਾਰ ਰਖ ਲਈ।

ਸਤਿਗੁਰੂ ਜੀ ਨੇ ਮੇਰੇ ਮਿੱਤਰ ਨੂੰ ਫਿਰ ਕਿਹਾ : ਚੰਗਾ



Sri Satguru Jagjit Singh Ji eLibrary NamdhariElibrary@gmail.com

ਸਿੰਘ ਨੂੰ ਅਜੇ ਪੁਛਦਾ ਹੈ ਕਿ ਉਸ ਕਿੰਨਾ ਖਰਚ ਕੀਤਾ ਹੈ। ਸੰਤ ਅਵਤਾਰ ਸਿੰਘ, ਦੀਨ ਦਿਆਲ, ੧੫ ਅਕਤੂਬਰ ਨੂੰ ਭੈਣੀ ਸਾਹਿਬ ਆਉਣਾ ਹੀ ਹੈ।

ਸਤਿਗੁਰੂ ਜੀ : ਮੈਨੂੰ ਤਾਂ ਕੋਈ ਫਰਕ ਨਹੀਂ ਪੈਂਦਾ, ਫਿਰ ਤੁਸੀਂ ਹੀ ਬੇਇਜ਼ਤੀ ਮਹਿਸੂਸ ਕਰਦੇ ਹੋ।

ਸੰਤ ਅਵਤਾਰ ਸਿੰਘ : ਗਰੀਬ ਨਿਵਾਜ਼, ਤੁਸੀਂ ਸਭ ਦਾ ਭਲਾ ਕਰਦੇ ਹੋ। ਤੁਮ ਕਰਹੁ ਭਲਾ ਹਮ ਭਲੋ ਨ ਜਾਨਹ ਤੁਮ ਸਦਾ ਸਦਾ ਦਇਆਲਾ। ਤੁਮ ਸੁਖਦਾਈ ਪੁਰਖ ਬਿਧਾਤੇ ਤੁਮ ਰਾਖਹੁ ਅਪੁਨੇ ਬਾਲਾ। ਵਿਆਹ ਵਾਸਤੇ ਨਲ, ਭੈਣੀ ਸਾਹਿਬ ਜਾਣ ਦਾ ਫੈਸਲਾ ਹੋ ਗਿਆ।

## ਨਾਮ ਸੰਸਕਾਰ

ਸੰਤ ਅਵਤਾਰ ਸਿੰਘ ਦੇ ਸਾਰੇ ਬੱਚੇ ਹੀ ਸੁਲੱਗ ਹਨ ਅਤੇ ਸਭ ਦਾ ਹੀ ਸਤਿਗੁਰੂ ਜੀ ਦੇ ਚਰਨਾਂ ਨਾਲ ਸੰਘਣਾ ਸਬੰਧ ਹੈ। ਸੰਤਾਂ ਨਾਲ ਗੱਲਬਾਤ ਮੁਕੀ ਤਾਂ ਵੱਡਿਓਂ ਛੋਟਾ ਲੜਕਾ ਗੁਰਦੀਪ ਸਿੰਘ, ਸੁਪਤਨੀ ਸਮੇਤ ਆ ਚਰਨੀਂ ਲਗਾ। ਬੀਬੀ ਦੇ ਕੁਛੜ ਬਾਲ ਸੀ। ਅਵਤਾਰ ਸਿੰਘ ਹੁਰਾਂ ਬੇਨਤੀ ਕੀਤੀ : ਗਰੀਬ ਨਿਵਾਜ਼, ਇਸ ਬੱਚੇ ਦਾ ਨਾਮ ਰੱਖਣ ਦੀ ਕਿਰਪਾ ਕਰੋ। ਸਤਿਗੁਰੂ ਜੀ ਨੇ ਤੁਰਤ "ਗੁਰਬਖਸ਼ ਸਿੰਘ" ਨਾਮ ਰਖਿਆ। ਫਿਰ ਗੁਰਦੀਪ ਸਿੰਘ ਨੇ ਅਰਜ਼ ਕੀਤੀ : ਸੱਚੇ ਪਾਤਸ਼ਾਹ, ਇਸਦਾ ਇਕ ਹੋਰ ਭਰਾ ਵੀ ਹੈ, ਉਹ ਇਹਦਾ ਜੁੜਵਾਂ ਭਾਈ ਹੈ। ਸਤਿਗੁਰੂ ਜੀ ਮੁਸਕਰਾਏ : ਬੜੀ ਛੇਤੀ ਕੋਟਾ ਪੂਰਾ ਕਰ ਲਿਆ! ਅਤੇ ਨਾਮ ਰਖਿਆ 'ਗੁਰਦੇਵ ਸਿੰਘ'।"

ਸਤਿਗੁਰੂ ਜੀ ਨੇ ਗੁਰਦੀਪ ਸਿੰਘ ਦੀ ਸੁਪਤਨੀ ਨੂੰ ਨੁਹਾਰੋਂ ਪਛਾਣਦਿਆਂ ਪੁਛਿਆ : ਤੂੰ ਕਪੂਰ ਸਿੰਘ ਦੀ ਲੜਕੀ ਹੈਂ ਨ? ਕਾਨਪੁਰ ਤੋਂ? ਅਤੇ ਇਸਦੀ ਸਪਸ਼ਟਤਾ ਬਾਦ ਉਸ ਨੂੰ ਉਸਦੇ ਪੇਕੇ ਪਰਵਾਰ ਵਿਚ ਹੋਣ ਵਾਲੇ ਇਕ ਵਿਆਹ ਬਾਰੇ ਦੱਸਿਆ ਪੁਛਿਆ। ਅਤੇ ਨਾਲ ਹੀ ਹੱਸਦੇ ਹੱਸਦੇ ਬਚਨ ਕੀਤਾ : ਤੈਨੂੰ ਹੀ ਸੋਚਣਾ ਪੈਂਦਾ ਹੈ ਤੂੰ ਕਿਸ ਦਾ ਸਾਥ ਦੇਣਾ ਹੈ, ਸਾਡਾ ਜਾਂ ਪਿਤਾ ਦਾ!

## ਲੇਖ "ਸਤਿਗੁਰੂ"

ਉਥੋਂ ਉਠ ਕੇ ਸੌਣ-ਕਮਰੇ ਵਲ ਹੋਏ ਤਾਂ ਏਥੇ ਡਾ: ਅਮਰ ਭਾਰਤੀ, ਸ: ਹੰਸਪਾਲ ਅਤੇ ਸ੍ਰੀ ਗੁਰਬਚਨ ਸਿੰਘ ਬੈਠੇ ਹੋਏ ਸਨ। ਇਹਨਾਂ ਸਤਰਾਂ ਦਾ ਲੇਖਕ ਵੀ ਆ ਗਿਆ। ਡਾ: ਭਾਰਤੀ ਨੇ ਇਕ ਲੇਖ ਪੜ੍ਹਨਾ ਸ਼ੁਰੂ ਕੀਤਾ : ਸਤਿਗੁਰੂ! ਭਾਵੇਂ ਸਾਨੂੰ ਸਤਿਗੁਰੂ ਜੀ ਇਸ ਸਮੇਂ ਅਨੇਕਾਂ ਪਾਸਿਆਂ ਵਿਚ ਉਲਝੇ ਜਾਪਦੇ ਸਨ ਪਰ ਆਪ ਨੇ ਇਤਿਹਾਸ, ਅਤੇ ਗੁਰਬਾਣੀ ਵਿਚੋਂ ਲੋੜੀਂਦੀਆਂ ਅਨੇਕਾਂ ਚੀਜ਼ਾਂ ਭਾਰਤੀ ਦੇ ਧਿਆਨ ਵਿਚ ਲਿਆਂਦੀਆਂ। ਲੇਖਕ ਨੇ ਪਰਵਾਨ ਕੀਤਾ ਕਿ ਸਤਿਗੁਰੂ ਜੀ ਦੇ ਸੁਝਾਓ ਲੇਖ ਦੀ ਗੁਣਵੱਤਾ ਨੂੰ ਨਿਖਾਰਦੇ ਤੇ ਹੋਰ ਵੀ ਠੋਸ ਬਣਾਉਂਦੇ ਹਨ।

ਸਤਿਗੁਰਾਂ ਸਿੰਘ ਸਾਹਿਬ ਭੁਪਿੰਦਰ ਸਿੰਘ ਜੀ ਦੇ ਕੁਝ ਛਪੇ ਹੋਏ ਲੇਖਾਂ ਵਲ ਵੀ ਸਾਡਾ ਧਿਆਨ ਕੇਂਦਰਿਤ ਕੀਤਾ। ਸਤਿਗੁਰੂ ਜੀ ਬਚਨ ਕੀਤਾ : ਜਿਸ ਜਿਸ ਅਖਬਾਰ ਰਸਾਲੇ ਵਿਚ ਇਹ ਸਮਗਰੀ ਛਾਪੀ ਹੈ, ਉਸਨੂੰ ਸੰਗ੍ਰਹਿ ਕਰਨਾ ਚਾਹੀਦਾ ਹੈ। ਉਨ੍ਹਾਂ ਵਿਚ ਬਹੁਤ ਸਾਰੀਆਂ ਗੱਲਾਂ ਕੰਮ ਦੀਆਂ ਹਨ।

ਸਤਿਗੁਰੂ ਜੀ ਦਾ ਜ਼ੋਰ ਸੀ ਕਿ ਲੇਖ ਵਿਚ ਕੋਈ ਮੁਅਮਲ ਫਿਕਰਾ ਨਹੀਂ ਹੋਣਾ ਚਾਹੀਦਾ ਜਿਵੇਂ 'ਇਹ ਵੀ ਸੰਭਵ ਹੈ'। ਗੱਲ ਠੋਸ ਅਤੇ ਤੱਥ ਪੂਰਨ ਹੀ ਹੋਣੀ ਚਾਹੀਦੀ ਹੈ। ਆਪ ਨੇ ਸਪੱਸ਼ਟ ਕੀਤਾ, 'ਫਰਜ਼ ਕਰੋ' ਵੀ ਨਹੀਂ ਲਿਖਣਾ ਚਾਹੀਦਾ।

## ਸਤਿਗੁਰਾਂ ਦੀ ਉਮਰ

ਏਥੇ ਪ੍ਰਸੰਗ ਵਸ ਸਤਿਗੁਰੂ ਜੀ ਨੇ ਉਸ ਭਾਵਨਾ ਦੀ ਵੰਨਗੀ ਦੱਸੀ ਜਿਹੜੀ ਗੁਰੂ ਅਰਜਨ ਦੇਵ ਜੀ ਦੇ ਵੇਲੇ ਭਾਈ ਤਿਲੋਕੇ ਦੀ ਸੁਭਾਵਕ ਤੌਰ ਤੇ ਸੀ। ਗੁਰੂ ਦੀ ਉਮਰ ਕਿੰਨੀ ਵੱਡੀ ਜਾਂ ਕਿੰਨੀ ਛੋਟੀ ਹੈ, ਇਸਦੀ ਮਹੱਤਤਾ ਨਹੀਂ। ਮਹੱਤਤਾ ਇਸ ਗੱਲ ਵਿਚ ਹੈ ਕਿ ਇਹ ਸਤਿਗੁਰੂ ਬਾਰੇ ਹੈ। (ਸੰਖੇਪ ਕਥਾ) ਭਾਈ ਤਿਲੋਕਾ ਗੁਰੂ ਅਰਜਨ ਦੇਵ ਜੀ ਦੇ ਵੇਲੇ ਦਾ ਸੀ। ਉਸਦੇ ਪਿੰਡ ਵਿਚ ਇਕ ਵਾਰ ੩੫੦ ਸਾਲ ਵੱਡੀ ਉਮਰ ਦਾ, ਮਹੇਸ਼ਾ ਨਾਮ ਦਾ ਜੋਗੀ ਆਇਆ। ਸਾਰਾ ਪਿੰਡ ਉਹਦੇ ਦਰਸ਼ਨਾਂ ਨੂੰ ਗਿਆ। ਪਰ ਭਾਈ ਤਿਲਕਾ, ਸਤਿਗੁਰਾਂ ਦਾ ਅਨਿਨ ਸ਼ਰਧਾਵਾਨ ਨਾ ਗਿਆ ਮਹੇਸ਼ਾ ਜੋਗੀ ਵੇਖਣ। ਆਖਰ ਉਸ ਪਾਸ ਆਦਮੀ ਜਾਣ ਲਗੇ : ਮਹੇਸ਼ ਜੋਗੀ ਦੇ ਦਰਸ਼ਨਾਂ ਤੋਂ ੧੦੦ ਸਾਲ ਦਾ ਸਵਰਗ ਪ੍ਰਾਪਤ ਹੋਵੇਗਾ। ਭਾਈ ਤਿਲਕਾ ਬੋਲਿਆ : ਜਿਹੜਾ ਇਕ ਸਾਲ ਦੀ ਕੈਦ ਵੀ ਪਰਵਾਨ ਨਹੀਂ ਕਰਦਾ ਉਹਨੂੰ ੧੦-੫੦ ਜਾਂ ੧੦੦-੨੦੦ ਸਾਲ ਦੀ ਕੈਦ ਕਿਵੇਂ ਮਨਜ਼ੂਰ ਹੋਵੇਗੀ?

ਸਿੱਖ ਦੀ ਅਡੋਲ ਸ਼ਰਧਾ ਨੇ ਲੋਕਾਂ ਅਤੇ ਮਹੇਸ਼ੇ ਜੋਗੀ ਨੂੰ ਨਿਵਾ ਦਿਤਾ। ਅੰਤ ਚਤੁਸੰਕਤ ਦਾ ਜੋਗੀ ਭਾਈ ਤਿਲਕੇ ਦੀ ਸ਼ਰਨ ਆ ਉਸਦੇ ਸਤਿਗੁਰਾਂ ਦੇ ਦਰਸ਼ਨਾਂ ਦਾ ਇੱਛਕ ਬਣਿਆ। ਸਤਿਗੁਰਾਂ ਦੇ ਦਰਸ਼ਨਾਂ ਨੂੰ ਗਏ ਤਾਂ ਜੋਗੀ ਨੂੰ, ਸਰੀਰਿ ਛੋਟੀ ਉਮਰ ਦੇ ਸਤਿਗੁਰਾਂ ਪਾਸ, ਆਪਣੀ ਵੱਡੀ ਉਮਰ ਦੇ ਅਭਿਮਾਨ ਨੇ ਘੇਰ ਲਿਆ। ਸਤਿਗੁਰਾਂ ਮਹੇਸ਼ਾ ਨੂੰ ਪੁਰਖ ਪ੍ਰਮਾਣ ਦੇ, ਉਸ ਦੇ ਇਕ ਸਾਬਤ ਕੰਨ ਦੇ 'ਦਰਸ਼ਨ' ਕਰਵਾ ਸਪੱਸ਼ਟ ਕੀਤਾ ਕਿ ਸਤਿਗੁਰੂ ਦੀ ਆਯੂ ਉਸਤੋਂ ਕਿੰਨੀ ਵੱਡੀ ਸੀ। ਇਕ ਵਾਰ ਸਮੁੰਦਰੀ ਤੂਫਾਨ ਸਮੇਂ ਡੋਲਦੇ ਜਹਾਜ਼ ਵਿਚ ਉਹਦਾ ਕੰਨ ਤੇ ਮੁੰਦਰਾਂ ਕਟਵਾਕੇ ਵੀ ਸਤਿਗੁਰਾਂ ਨੇ ਹੀ



Sri Satguru Jagjit Singh Ji eLibrary NamdhariElibrary@gmail.com

ਨਿਹਾਲਤਾ ਕੀਤੀ ਸੀ।

ਸ੍ਰੀ ਸਤਿਗੁਰੂ ਜੀ ਨੇ ਡਾ: ਅਮਰ ਭਾਰਤੀ ਨੂੰ ਉਹ ਪੁਸਤਕ ਸੂਰਜ ਪ੍ਰਕਾਸ਼ ਚੋਂ ਪੜ੍ਹਕੇ, ਇਸ ਤੱਥ ਨੂੰ ਸਮਝਕੇ ਥਾਂ ਸਿਰ ਲਿਆਉਣ ਦਾ ਸੁਝਾਉ ਦਿਤਾ। ਸਤਿਗੁਰ ਸਿੱਖ ਦੀ ਭਾਵਨਾ ਦਸਦਿਆਂ ਭਾਈ ਤਿਲਕੇ ਦੇ ਬਚਨ ਯਾਦ ਕਰਵਾਏ ਕਿ ਤਿਲਕੇ ਨੇ ਜੋਗੀ ਨੂੰ ਸਤਿਗੁਰਾਂ ਦੀ ਉਮਰ ਇੰਜ ਦੱਸੀ: ਜਦੋਂ ਸ੍ਰਿਸ਼ਟੀ ਨਹੀਂ ਸੀ ਬਣੀ ਤਦੋਂ ਵੀ ਸਤਿਗੁਰੂ ਮੌਜੂਦ ਸਨ ਅਤੇ ਜਦੋਂ ਸਾਰੀ ਸ੍ਰਿਸ਼ਟੀ ਨਾਸ਼ ਹੋ ਜਾਵੇਗੀ ਤਦੋਂ ਵੀ ਮੇਰਾ ਸਤਿਗੁਰੂ ਕਾਇਮ ਦਾਇਮ ਹੋਵੇਗਾ। ਉਂਜ ਦੇਹ ਕਰਕੇ ਗੁਰੂ ਅਰਜਨ ਦੇਵ ਜੀ ਇਸ ਸਮੇਂ ...ਸਾਲ ਦੇ ਹਨ।

## ਸਤਿਗੁਰੂ ਦੀ ਵੱਡੀ ਮਹਾਨਤਾ

ਭਾਰਤੀ ਜੀ ਨੂੰ ਸਤਿਗੁਰੂ ਜੀ ਨੇ, ਸਤਿਗੁਰੂ ਦੀ ਮਹਾਨਤਾ ਅਕਾਲਪੁਰਖ ਤੋਂ ਵਡੀ ਦਰਸਾਂਦਿਆਂ ਭਾਈ ਸੰਤੋਖ ਸਿੰਘ ਦੇ ਗ੍ਰੰਥ ਦੀ ਇਕ ਹੋਰ ਸਾਖੀ ਸੁਣਾਈ ਜਿਸ ਅਨੁਸਾਰ ਕਿਸੇ ਰਾਜੇ ਜਾਂ ਸਾਹੂਕਾਰ ਦੇ ਘਰ ਸੰਤਾਨ ਨਹੀਂ ਸੀ ਹੁੰਦੀ। ਉਸਨੇ ਅਨੇਕਾਂ ਪੀਰਾਂ-ਫਕੀਰਾਂ, ਸਾਧੂ-ਸੰਤਾਂ ਤੋਂ ਪੁੱਤਰ ਦੀ ਦਾਤ ਮੰਗੀ। ਪਰ ਉਹਦਾ ਮਸਤਕ ਵੇਖ ਸਭੇ ਕਹਿਣ: ਤੇਰੇ ਭਾਗਾਂ ਵਿਚ ਪੁੱਤਰ ਸੁਖ ਹੈ ਹੀ ਨਹੀਂ। ਅੰਤ ਨੂੰ ਉਹ ਲੱਭਦੇ ਲਭਾਂਦੇ ਸਤਿਗੁਰੂ ਅਰਜਨ ਦੇਵ ਜੀ ਦੀ ਸ਼ਰਣ ਆਇਆ ਤਾਂ ਆਪ ਜੀ ਨੇ ਦੂਜੇ ਪੀਰਾਂ-ਫਕੀਰਾਂ, ਸਾਧੂ-ਸੰਤਾਂ ਦੀ ਕਥਨੀ ਦੀ ਤਸਦੀਕ ਕਰਦਿਆਂ ਆਪਣੀ ਕਿਰਪਾ ਦੁਆਰਾ ਪੁੱਤਰ ਦੀ ਦਾਤ ਬਖਸ਼ੀ। ਇੰਝ, ਸਤਿਗੁਰੂ, ਅਕਾਲ ਪੁਰਖ ਦੇ ਕੀਤੇ ਹੋਏ ਨੂੰ ਵੀ ਬਦਲਦਾ ਹੈ।

ਇਸ ਬੈਠਕ ਵਿਚ ਗੁਰੂ ਬਾਣੀ, ਗੁਰੂ ਘਰ ਆਦਿ ਬਾਰੇ ਹੋਰ ਵੀ ਕਿੰਨਾ ਸਮਾਂ ਚਰਚਾ ਹੋਈ।

## ਸਰੋਦ ਦਾ ਪ੍ਰੋਗਰਾਮ

੫.੩੦ ਵਜੇ, ਲੇਖ ਦਾ ਅਜੇ ਅੱਧ ਸੁਣਾਇਆ ਸੀ ਕਿ ਸਤਿਗੁਰੂ ਜੀ ਨੇ ਦੱਸਿਆ: ਅੱਜ ਕਮਾਨੀ ਆਡੀਟੋਰੀਅਮ ਵਿਖੇ 'ਰਾਗ ਰੰਗ' ਸੰਸਥਾ ਵਾਲੇ ਉਸਤਾਦ ਅਮਜਦ ਅਲੀ ਦੀ ਸਿਲਵਰ ਜੁਬਲੀ ਮਨਾ ਰਹੇ ਹਨ ਜਿਸ ਵਿਚ ਖਾਂ ਸਾਹਿਬ ਦਾ ਸਰੋਦ ਪ੍ਰੋਗਰਾਮ ਵੀ ਹੈ, ਇਸ ਵਿਚ ੭ ਵਜੇ ਪਹੁੰਚਣਾ ਹੈ। ਕੁਝ ਸੱਜਣ ਬਾਹਰ ਮਿਲਣ ਨੂੰ ਉਡੀਕਦੇ ਹਨ। ਤੁਸਾਂ ਵੀ ਜਾਣਾ ਹੈ। ਕੁਝ ਖਾ ਪੀ ਲਓ।

ਗੁਰਦੇਵ ਸਿੰਘ-ਹਰਭਜਨ ਸਿੰਘ ਕਮਾਨੀ ਆਡੀਟੋਰੀਅਮ ਵਿਚ, ਜਗਹ ਦੇ ਰਖ-ਰਖਾਅ ਲਈ ਜਾ ਚੁਕੇ ਸਨ। ਉਸਤਾਦ ਅਮਜਦ ਅਲੀ ਖਾਂ ਨੇ ਪੱਕੀ ਕੀਤੀ ਸੀ ਸਤਿਗੁਰਾਂ ਨੂੰ ਸਮੇਂ ਸਿਰ ਦਰਸ਼ਨਾਂ ਲਈ।

ਸਤਿਗੁਰੂ ਜੀ ਨੇ ਬਾਹਰ ਆ, ਇਕਤਰ ਹੋਈ ਸੰਗਤ ਦੀ ਨਮਸਕਾਰ ਕਬੂਲ ਫਰਮਾਈ ਅਤੇ ੭ ਵਜਣ ਨੂੰ ਸ੍ਰੀ ਸਤਿਗੁਰੂ ਜੀ ਕਮਾਨੀ ਆਡੀਟੋਰੀਅਮ ਵਿਖੇ ਪਹੁੰਚ ਗਏ।

ਆਡੀਟੋਰੀਅਮ ਸੰਗੀਤ ਪ੍ਰੇਮੀਆਂ ਨਾਲ ਭਰਪੂਰ ਸੀ। ਗੁਰਦੇਵ-ਹਰਭਜਨ ਸਿੰਘ ਸਤਿਗੁਰੂ ਜੀ ਨੂੰ ਖਾਂ ਸਾਹਿਬ ਨਾਲ ਮਿਲਾਣ ਵਾਸਤੇ ਡਰੈਸਿੰਗ ਰੂਮ ਵਿਚ ਲੈ ਗਏ ਪਰ ਉਹ ਤਾਂ ਸਟੇਜ ਤੇ ਪਹੁੰਚ ਚੁਕੇ ਸਨ। ਪਰਦਾ ਉਠਣ ਤੋਂ ਪਹਿਲਾਂ ਆਪ ਖਾਂ ਸਾਹਿਬ ਦੇ ਨਜ਼ਦੀਕ ਗਏ ਤਾਂ ਖਾਂ ਸਾਹਿਬ ਨੇ ਝੁਕ ਕੇ ਨਮਸਕਾਰ ਕੀਤੀ। ਸਤਿਗੁਰੂ ਜੀ ਨੇ ਆਸ਼ੀਰਵਾਦ ਦਿਤੀ।

ਮੈਨੂੰ ਸ੍ਰੀ ਸਤਿਗੁਰੂ ਜੀ ਤੇ ਮਹਾਰਾਜ ਜੀ ਨਾਲ ਮੂਹਰਲੀਆਂ ਸੀਟਾਂ ਤੇ ਬੈਠਣ ਦਾ ਸੁਭਾਗ ਮਿਲਿਆ। ਮਾਤਾ ਜੀ ਪਹਿਲਾਂ ਹੀ ਬੈਠੇ ਹੋਏ ਸਨ। ਡਾ: ਅਮਰ ਭਾਰਤੀ ਤੇ ਸ: ਹੰਸਪਾਲ ਵੀ ਪੁਜ ਗਏ।

ਸਤਿਗੁਰੂ ਜੀ ਦੇ ਬੈਠਿਆਂ ਅਜੇ ਕੁਝ ਹੀ ਮਿੰਟ ਹੋਏ ਸਨ ਕਿ ਭਾਰਤ ਦੀ ਜਨਤਾ ਪਾਰਟੀ ਸਰਕਾਰ ਦੇ ਵਿਦੇਸ਼ ਮੰਤਰੀ ਸ੍ਰੀ ਅਟਲ ਬਿਹਾਰੀ ਬਾਜਪਾਈ ਸਰੋਦ ਖੰਦਰ ਦਾ ਗੱਤੀ ਨੁਕਤਾ ਪਹਿਲੋਂ ਸ੍ਰੀ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਆਏ। ਆਪ ਨੇ ਸਨਮਾਨ ਦਿਤਾ। ਰਾਜਾ ਭਾਲਿੰਦਰ ਸਿੰਘ ਵੀ ਉਚੇਚਿਆਂ ਆਏ। ਉਸਤਾਦ ਅਮਜਦ ਅਲੀ ਖਾਂ ਦੀ ਸੁਪਤਨੀ ਬੀਬੀ ਸੁਬਾ ਲਕਸ਼ਮੀ ਵੀ ਸਤਿਗੁਰੂ ਜੀ ਦੇ ਸਤਿਕਾਰ ਹਿਤ ਆਈ। ਸ੍ਰੀ ਸਤਿਗੁਰੂ ਜੀ ਨੇ ਹਰੇਕ ਨੂੰ ਉਸ ਦੀ ਸਾਂਝ ਤੇ ਪਦਵੀ ਅਨੁਸਾਰ ਸ਼ਬਦ ਅਥਵਾ ਵਚਨ ਕਿਹੇ।

ਇੰਟਰਵਲ ਸਮੇਂ ਬਾਜਪਾਈ ਜੀ ਫਿਰ ਆਏ। ਸੱਚੇ ਪਾਤਸ਼ਾਹ ਜੀ ਨੇ ਉਨ੍ਹਾਂ ਦਾ ਤੁਆਰਫ ਮਹਾਰਾਜ ਜੀ, ਹੰਸਪਾਲ, ਭਾਰਤੀ ਜੀ ਆਦਿ ਨਾਲ ਕਰਵਾਇਆ।

ਖਾਂ ਸਾਹਿਬ ਨੇ ਪਹਿਲਾਂ ਸ੍ਰੀ ਰਾਗ ਵਜਾਇਆ ਦੂਜੀ ਬੈਠਕ ਵਿਚ ਪਹਾੜੀ ਅਤੇ ਦਰਬਾਰੀ, ਅੰਤ ਉਤੇ ਭੈਰਵੀ। ਸਾਰੀ ਪਰਫਾਰਮੈਂਸ ਵਧੀਆ ਰਹੀ।

ਆਡੀਟੋਰੀਅਮ ਵਿਚ ਰਾਜਾ ਭਾਲਿੰਦਰ ਸਿੰਘ ਦੀ ਸੀਟ ਪਾਸ ਖਾਂ ਸਾਹਿਬ ਦਾ ਇਕ ਪ੍ਰਸਿਧ ਹਕੀਮ ਬੈਠਾ ਹੋਇਆ ਸੀ। ਛੋਟਾ ਕੱਦ, ਛੋਟੀ ਛੋਟੀ ਦਾਹੜੀ। ਇੰਟਰਵਲ ਤੋਂ ਬਾਦ ਸਰੋਦ ਸ਼ੁਰੂ ਕਰਨ ਦੇ ਸਮੇਂ ਵਿਚ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਦੱਸਿਆ: ਕਲ੍ਹ ਕਾਕਾ (ਠਾਕੁਰ ਦਲੀਪ ਸਿੰਘ ਜੀ) ਖਾਂ ਸਾਹਿਬ ਨੂੰ ਇਕ ਸੰਥਾਂ ਦੀ ਪੋਥੀ ਲੈ ਕੇ ਮਿਲਣ ਗਿਆ ਸੀ। ਖਾਂ ਸਾਹਿਬ ਨੇ ਫੋਨ ਉਤੇ ਕਾਕੀ ਫਿਰ ਕਾਕੇ ਦੇ ਜਿਗਰੇ ਤੇ ਛਾਈਆਂ ਪੈ ਜਾਣ ਦਾ ਦੁਖ ਪ੍ਰਗਟ ਕੀਤਾ। ਇਹ ਹਕੀਮ ਬੜੇ ਧਰਮ ਪਰਾਇਣ ਅਤੇ ਖਾਂ ਸਾਹਿਬ ਦੇ ਪ੍ਰਸਿਧ ਹਨ। ਖਾਂ ਸਾਹਿਬ ਕਹਿੰਦੇ ਸਨ, ਜੇ ਆਪ ਨੂੰ ਇਤਰਾਜ਼ ਨਾ ਹੋਵੇ ਤਾਂ ਕਾਕੇ ਨੂੰ ਇਹਨਾਂ ਪਾਸ ਵਖਾਇਆ ਜਾਵੇ।

ਮਹਾਰਾਜ ਜੀ ਨੇ ਸਹਿਮਤੀ ਪਰਗਟ ਕਰ ਦਿਤੀ।



Sri Satguru Jagjit Singh Ji eLibrary NamdhariElibrary@gmail.com

ਸੰਗੀਤ ਸਭਾ ਦੀ ਸਮਾਪਤੀ ੧੦.੧੫ ਵਜੇ ਹੋਈ। ਉਠਕੇ ਸਤਿਗੁਰੂ ਜੀ ਖਾਂ ਸਾਹਿਬ ਨੂੰ ਫਾਹਵਾ ਆਖਣ ਗਏ ਤਾਂ ਹਕੀਮ ਸਾਹਿਬ ਨੂੰ ਵੀ ਦੀਨ ਦਿਆਲ ਜੀ ਨਾਲ ਮਿਲਾਇਆ ਗਿਆ।

### ਮੁਹੰਮਦ ਕਿਊਮ ਖਾਨ

ਸਤਿਗੁਰੂ ਜੀ ਕੋਠੀ ਆਏ ਤਾਂ ਗੁਰਦੇਵ ਸਿੰਘ-ਹਰਭਜਨ ਸਿੰਘ ਇਕ ਟੈਕਸੀ ਤੇ ਖਾਂ ਸਾਹਿਬ ਦੇ ਇਸ ਹਕੀਮ ਸਾਹਿਬ ਨੂੰ ਨਾਲ ਲੈ ਆਏ। ਮੁਹੰਮਦ ਕਿਊਮ ਖਾਨ ਹਕੀਮ ਸਾਹਿਬ ਦਾ ਨਾਮ ਹੈ। ਸਤਿਗੁਰੂ ਜੀ ਪਾਸ ਹਕੀਮ ਸਾਹਿਬ ਦੇ ਗਿਆਂ ਮੈਨੂੰ ਵੀ ਬੁਲਾ ਲਿਆ ਗਿਆ।

ਜਨਾਬ ਕਿਊਮ ਖਾਨ ਯੂ.ਪੀ. ਵਿਚੋਂ ਅਪਣਾ ਜਨਮ ਨਗਰ ਛੱਡ ਕੇ ਰੱਬੀ ਪ੍ਰੇਰਨਾ ਅਧੀਨ ਹੀ ਨਜਫ਼ਗੜ੍ਹ ਵਿਚ ਆ ਵਸਣ ਦੀ ਕਹਾਣੀ ਸੁਣਾਈ। ਅੱਲਾ ਦੇ ਫ਼ਜ਼ਲ ਨਾਲ ਹੱਥ ਸ਼ਫ਼ਾ ਦੀ ਵਡਿਆਈ ਮਿਲਣ ਦਾ ਜ਼ਿਕਰ ਕੀਤਾ। ਅੰਤ ਉਤੇ ਆਖਿਆ: ਮੈਂ ਦਵਾ ਕਰਾਂਗਾ (ਵੱਡੇ ਕਾਕੇ ਦੀ) ਆਪ ਨੇ ਮੇਰੇ ਲਈ ਦੁਆ ਕਰਨਾ।

ਅਤੇ ਉਸ ਸੱਜਣ ਨੇ ਇਹ ਵੀ ਦੱਸਿਆ ਕਿ ਉਹ ੨ ਵਜੇ ਫ਼ਜਰ ਦੇ ਉਠਕੇ ਅੱਲਾ ਦੀ ਯਾਦ ਵਿਚ ਜੁੜਦਾ ਹੈ। ਸ਼ਫ਼ਕਤ ਤਾਂ ਖ਼ੁਦਾ ਦਾ ਨੂਰ ਹੀ ਅਦਾ ਕਰਦਾ ਹੈ। ਆਦਾਬ ਕਹਕੇ ਹਕੀਮ ਸਾਹਿਬ ਤੇ ਗੁਰਦੇਵ ਸਿੰਘ ਹੁਰੀਂ ਨਾਲ ਚਲੇ ਗਏ। ਪਰ ਸਤਿਗੁਰੂ ਜੀ ਰਾਤ ਦੇ ੧੧.੩੦ ਵਜੇ ਤਕ ਆਪਣੇ ਨਾਲ ਸੰਬੰਧਤ ਵਿਅਕਤੀਆਂ ਨਾਲ ਗੱਲਾਂ ਬਾਤਾਂ ਕਰਦੇ ਰਹੇ। ਸਾਨੂੰ ਘਰ ਜਾਣ ਦੀ ਆਗਿਆ ਹੋ ਗਈ।

### ੧੫ ਅਕਤੂਬਰ ੧੯੭੮, ਐਤਵਾਰ
### ਨਵੀਂ ਦਿੱਲੀ

### ਦਰਬਾਰ ਦੀ ਸੇਵਾ ਵਿਚ

ਸ: ਹਰਵਿੰਦਰ ਸਿੰਘ ਹੰਸਪਾਲ ਸਕੱਤਰ ਨਾਮਧਾਰੀ ਦਰਬਾਰ ਨੇ ਦੱਸਿਆ ਕਿ ਨਾਮਧਾਰੀ ਦਰਬਾਰ ਦਾ ਦਫ਼ਤਰੀ ਕੰਮ ਚਲਾਉਣ ਵਾਸਤੇ ਉਹ ਸ੍ਰੀ ਭੁਪਿੰਦਰ ਸਿੰਘ ਭੁਰਜੀ ਨੂੰ ਸੇਵਾ ਵਿਚ ਲੈ ਰਿਹਾ ਹੈ। ਮੇਰੇ ਖ਼ਿਆਲ ਵਿਚ ਸ੍ਰੀ ਭੁਰਜੀ ਇਸ ਜ਼ਿਮੇਵਾਰੀ ਦੇ ਯੋਗ ਹੀ ਹੈ।

### ਸ਼ਾਪਿੰਗ ਸੈਂਟਰ

ਘੁੰਮਦੇ ਘੁਮਾਂਦੇ ਮੈਂ ਕਰੋਲ ਬਾਗ਼ ਵਿਚ, ਨਵੇਂ ਹੋਏ ਸ਼ਾਪਿੰਗ ਸੈਂਟਰ ਪਾਸ ਪੁਜਾ। ਮਨਚੰਦਾ ਅਤੇ ਸਤਿਗੁਰਾਂ ਦਾ ਸਾਬਕਾ ਸਕੱਤਰ ਮਿਲੇ। ਉਨ੍ਹਾਂ ਨਾਲ ਗੱਲੀਂ ਬਾਤੀਂ ਪਿਆ ਪਤਾ ਲਗਾ ਕਿ ਇਸ ਬਿਲਡਿੰਗ ਦਾ ਸੌਦਾ, ਸੇਠ ਕਰਤਾਰ ਸਿੰਘ ਚਾਵਲਾ ਦੇ ਸਪੁਤਰਾਂ ਨਾਲ ਹੋ ਗਿਆ ਹੈ ਪਰ ਸ: ਤਰਨ ਸਿੰਘ ਬਾਈਲੈਂਡ ਵਾਲਿਆਂ ਅਜੇ ਕੀਮਤ ਅਦਾ ਨਹੀਂ ਕੀਤੀ। ਆਸ ਵੀ ਅਜੇ ਨਹੀਂ ਟੁੱਟੀ।

ਸ: ਹੰਸਪਾਲ ਅਤੇ ਮੈਂ ੯.੪੫ ਤੇ ਫਿਰ ੧-੬ ਵੀ ਪੂਸਾ ਰੋਡ ਪੁਜੇ ਤਾਂ ਪਤਾ ਲਗਾ ਸ੍ਰੀ ਸਤਿਗੁਰੂ ਜੀ ੯ ਵਜੇ ਦੇ ਦਿੱਲੀ ਵਿਖੇ ਦਰਸ਼ਨ ਦੇ ਰਹੇ ਹਨ। ਸਤਿਗੁਰੂ ਜੀ, ਜਲਪਾਨ ਕਰ ਹੀ ਰਹੇ ਸਨ ਕਿ ਸ: ਅਵਤਾਰ ਸਿੰਘ ਅਮ੍ਰਿਤਸਰੀ ਆਪਣੇ ਸ਼ਹਿਰੋਂ ਆ ਗਿਆ।

ਦੋ ਦਿਨ ਪਹਿਲਾਂ ਦਿਤਾ ਹੋਇਆ, ਸਤਿਗੁਰੂ ਜੀ ਦਾ ਦਿਲਕੂਸ਼ਾ ਗੁਰਦੇਵ ਸਿੰਘ-ਹਰਭਜਨ ਸਿੰਘ ਮੜ੍ਹਵਾ ਕੇ ਲੈ ਆਏ। ਇਸ ਨੇ ਬੈਂਕੋਕ, ਨਾਲ ਜਾਣਾ ਹੈ।

### ਸਾਧ ਸੰਗਤ

ਸ੍ਰੀ ਸਤਿਗੁਰੂ ਜੀ ਜਾਂ ਹੇਠਲੇ ਦਰਾਂਡੇ ਵਿਚ ਪਧਾਰੇ ਤਾਂ ਇਕ ਕੁਰਸੀ ਸਜੀ ਪਈ ਆਪ ਜੀ ਨੂੰ ਬੈਠਣ ਲਈ ਦਾਅਵਤ ਦੇ ਰਹੀ ਸੀ। ਆਪ ਜੀ ਸਸ਼ੋਭਤ ਹੋਏ ਤਾਂ ਨਰ ਨਾਰ ਮਾਇਆ ਮੱਥਾ ਟੇਕ ਟੇਕ ਕੋਲ ਹੋ ਕੇ ਬੈਠਣ ਲਗੇ। ਸੇਠ ਕਰਤਾਰ ਸਿੰਘ ਬੈਂਕੋਕ, ਸ: ਸੁਲੱਖਣ ਸਿੰਘ ਮੈਂਬਰ ਦਿੱਲੀ ਸਿੱਖ ਗੁਰਦੁਆਰਾ ਕਮੇਟੀ, ਸੇਠ ਕਿਰਪਾਲ ਸਿੰਘ-ਸੁਰਿੰਦਰ ਸਿੰਘ ਡਾਲਟਨ ਗੰਜ। ਸਤਿਗੁਰੂ ਜੀ ਦਾ ਅੱਜ ਕਿਰਪਾਲ ਸਿੰਘ ਹੁਰਾਂ ਵਲ ਵਧੇਰੇ ਉਚੇਚ ਸੀ। ਹੋਰ ਸਾਰੀ ਸੰਗਤ ਨਮਸਕਾਰ ਕਰਕੇ ਬੈਠ ਗਈ।

### ਭੂਤ ਨਹੀਂ ਬੀਮਾਰੀ

ਸ: ਹਰਭਜਨ ਸਿੰਘ ਕੋਮਲ, ਬਾਈਲੈਂਡ ਵਾਲਿਆਂ ਦੀ ਮਾਤਾ ਨੇ ਅਪਣਾ ਇਕ ਲੜਕਾ (ਸ਼ਾਇਦ ਛੋਟਾ ਹੋਵੇ) ਪੇਸ਼ ਕਰਕੇ ਅਰਜ਼ ਕੀਤੀ: ਦੀਨ ਦਿਆਲ, ਇਸਨੂੰ ਕਦੇ ਕਦੇ ਦੌਰਾ ਆ ਪੈਂਦਾ ਹੈ। ਸਾਰਾ ਸਰੀਰ ਤਣ ਜਾਂਦਾ ਹੈ ਤੇ ਉਲ-ਜਲੂਲ ਬੋਲਦਾ ਹੈ ਇਸਨੂੰ ਭੂਤ ਚੰਬੜਿਆ ਹੋਇਆ ਹੈ, ਆਪ ਜੀ ਕਿਰਪਾ ਕਰੋ।

ਸਤਿਗੁਰੂ ਜੀ ਬਚਨ ਕੀਤਾ: ਇਸ ਨੂੰ ਚੰਬੜਿਆ ਭੂਤ ਨਹੀਂ। ਕੇਵਲ ਰੋਗ ਹੈ। ਇਲਾਜ ਕਰਵਾਇਆਂ ਠੀਕ ਹੋ ਜਾਵੇਗਾ। ਲੜਕੇ ਨੂੰ ਸਤਿਗੁਰਾਂ ਮਨ ਸਵਿਤੀ ਪੁਛੀ ਤਾਂ ਉਸ ਹੱਥ ਜੋੜਕੇ ਦੱਸਿਆ ਕਿ ਚਾਰ ਸਾਲ ਹੋਏ ਹਾਦਸਾ ਹੋ ਗਿਆ ਸੀ ਤਦ ਤੋਂ ਹੀ ਇੰਜ ਦੌਰਾ ਪੈਣਾ ਸ਼ੁਰੂ ਹੋਇਆ।

ਇਸ ਲਈ ਡਾਕਟਰੀ ਇਲਾਜ ਕਰਵਾਣਾ ਹੀ ਸਤਿਗੁਰੂ ਜੀ ਨੇ ਦਸਿਆ।

ਬੈਠਣ ਕਮਰੇ ਵਿਚ ਸਤਿਗੁਰੂ ਜੀ ਪਧਾਰੇ। ਏਥੇ ਬੈਠੇ ਸਿੰਘਾਂ ਨੂੰ ੫-੭ ਮਿੰਟ ਦਰਸ਼ਨ ਦੇਕੇ ਸੇਠ ਕਰਤਾਰ ਸਿੰਘ ਬਾਵਲਾ ਨਾਲ ੧੦ ਮਿੰਟ ਇਕਾਂਤ ਲਈ ਅਤੇ ਜੋ ਕੁਝ ਆਪ ਨੇ ਸੰਕੇਤਕ ਬਚਨ ਕੀਤੇ ਉਹਨਾਂ ਤੋਂ ਮੇਰਾ ਅਨੁਮਾਨ ਸੀ ਕਿ ਸ਼ਾਪਿੰਗ ਸੈਂਟਰ ਬਾਰੇ ਹੀ ਬਚਨ ਹੋਏ ਹੋਣਗੇ।

(ਚਲਦਾ)


Sri Satguru Jagjit Singh Ji eLibrary NamdhariElibrary@gmail.com

# ਸੇਵਾ ਸਿਦਕ ਸੀ ਜੀਵਨ ਆਧਾਰ ਉਹਦਾ

—ਆਤਮਾ ਸਿੰਘ ਸਨਖਤਰਵੀ—



ਸੇਵਾ ਭਗਤੀ ਹੀ ਨੌਂ ਭਗਤੀਆਂ ਚੋਂ
ਮੰਨੀ ਜਾਂਵਦੀ ਹੈ ਪ੍ਰਧਾਨ ਭਗਤੀ ।
ਨਾਲ ਸੇਵਾ ਜੇ ਸਿਦਕ ਵੀ ਮਿਲ ਜਾਵੇ
ਹੋ ਜਾਂਵਦੀ ਬੜੀ ਮਹਾਨ ਭਗਤੀ ।
ਜਿਸ ਜੀਅ ਜਾਂ ਟੱਬਰ ਦੇ ਵਿਚ ਹੋਵੇ
ਤੇਸਨ ਕਰਦੀ ਉਹਨੂੰ ਜਹਾਨ ਭਗਤੀ ।
ਵੱਡੇ ਭਾਗਾਂ ਦੇ ਨਾਲ ਪਰ ਉਹ ਮਿਲਦੀ
ਜਿਹੜੀ ਕਰ ਲਵੇਂ ਗੁਰੂ ਪ੍ਰਵਾਨ ਭਗਤੀ ।
ਭਾਗਸ਼ੀਲ ਐਸੀ ਮਹਿੰਦਰ ਕੌਰ ਬੀਬੀ
ਖਿੜਿਆ ਜਿਸ ਦਾ ਬਾਗ ਪ੍ਰਵਾਰ ਉਹਦਾ ॥
ਗੁਰੂ ਭਾਵਨਾ ਉਸਦੀ ਨੂੰ ਭਾਗ ਲਗਾ
ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ ॥
ਲਾਡੋ ਮੂਨੇ ਤੋਂ ਸੰਤ ਖਜ਼ਾਨ ਸਿੰਘ ਜੀ ਤੇ
ਮਹੰਤ ਕੌਰ ਦੀ ਧੀ ਸਦਵਾਉਣ ਵਾਲੀ ।
ਵਿਦਿਆ ਪੜ੍ਹ ਘਰੋਗੀ ਸਿੱਪ ਸਿੱਖਯਾ,
ਬਾਲ-ਪਨ ਦਾ ਸਮਾ ਬਿਤਾਉਣ ਵਾਲੀ ।
ਸੇਠ ਭੂਲਾ ਸਿੰਘ ਦੀ ਬਣਕੇ ਨੂੰਹ ਰਾਣੀ
ਪਿਤਾ ਸਮਝਕੇ ਸੇਵਾ ਕਮਾਉਣ ਵਾਲੀ ।
ਦਿਆਲ ਕੌਰ ਸੱਸ ਨੂੰ ਮਾਤਾ ਜਾਣ ਕਰਕੇ,
ਪਿਆਰ ਉਸਦੇ ਤਾਂਈ ਪੰਚਾਉਣ ਵਾਲੀ ।
ਪਤੀ ਦੇਵ ਤ੍ਰਲੋਕ ਸਿੰਘ ਸੇਠ ਬਣਿਆ,
ਸਾਰੀ ਉਮਰ ਦਾ ਵਿਚ ਸੰਸਾਰ ਉਹਦਾ ॥
ਪਤੀਬ੍ਰਤ ਦੇ ਧਰਮ ਨੂੰ ਪਾਲਣੇ ਲਈ,
ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ ॥
ਚੰਗੇ ਸਾਹਿਬਿਆਂ ਦੇ ਪ੍ਰਵਾਰ ਜਿਸਦੇ,
ਗੁਰੂ ਘਰ ਦੇ ਸੇਵਕ ਅਖਵਾਂਵਦੇ ਸੀ ।
ਪ੍ਰੇਮ ਨਾਲ ਕਰਦੇ ਸੇਵਾ ਸਾਧੂਆਂ ਦੀ,
ਖਸਤੂ ਦੇਂਵਦੇ ਲੰਗਰ ਛਕਾਂਵਦੇ ਸੀ ।
ਗੁਰੂ ਹਰੀ ਸਿੰਘ ਗੁਰੂ ਪ੍ਰਤਾਪ ਜੀ ਦੇ,
ਜਨਮ ਪਰਬ ਤੇ ਖੁਸ਼ੀ ਮਨਾਂਵਦੇ ਸੀ ।
ਪਰਬਤ ਵਾਂਗ ਭਰੋਸਾ ਅਡੋਲ ਰਖਕੇ,
ਦਾਤਾਂ ਗੁਰੂ ਦਰ ਤੋਂ ਸਭ ਪਾਂਵਦੇ ਸੀ ।
ਬੀਬੀ ਮਹਿੰਦਰ ਵਿਚ ਗੁਣ ਉਹ ਆਏ ਸਾਰੇ,
ਦਾਨੀ ਭਾਵਨਾ ਬਣਿਆ ਸ਼ਿੰਗਾਰ ਉਹਦਾ ॥
ਸਹਿਤ ਸੁੰਦਰਤਾ ਸੁਘੜ ਸੁਸ਼ੀਲਤਾ ਦੇ,
ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ ॥
ਬਖਸ਼ਿਸ਼ ਹੋਈ ਸਤਿਗੁਰੂ ਪ੍ਰਤਾਪ ਜੀ ਦੀ,
ਚਾਰ ਪੁਤ੍ਰਾਂ ਵਾਲੀ ਨੂੰ ਧਾ ਕਰਕੇ ।
ਨਿਰਹੰਕਾਰ ਹੋ ਕੇ ਸੇਵਾ ਰਹੀ ਕਰਦੀ,
ਸੇਠ ਪਣੇ ਦਾ ਮਾਣ ਮਿਟਾ ਕਰਕੇ ।
ਰੌਸ਼ਾ ਸਿੰਘ ਵਰਗੇ ਮਸਤ ਸਾਧੂਆਂ ਦਾ,
ਕਰਦੀ ਸਦਾ ਸਤਿਕਾਰ ਉਤਸ਼ਾਹ ਕਰਕੇ,
ਕੱਠੀ ਆਵੇ ਭਾਂਵੇ ਕਿਤਨੀ ਸਾਧ ਸੰਗਤ,
ਅੱਕੇ ਥੱਕੇ ਨ ਟਹਿਲ ਕਮਾ ਕਰਕੇ ।
ਆਗਿਆਕਾਰ ਰਹਿੰਦੀ ਅਤੇ ਧਹਿਰ ਸੀ ਜੋ,
ਨਾਲ ਸੇਠ ਜੀ ਗੂੜ੍ਹਾ ਪਿਆਰ ਉਹਦਾ ॥
ਮਨ, ਬਚ, ਕ੍ਰਮ, ਕਰਕੇ ਸਾਰੀ ਉਮਰ ਰਹਿਆ,
ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ ॥
ਜਿਵੇਂ ਨਾਲ ਸੰਜੋਗ ਦੇ ਜੋੜ ਜੁੜਿਆ,
ਤ੍ਰਲੋਕ ਸਿੰਘ ਤੇ ਮਹਿੰਦਰ ਪਿਆਰ ਵਾਲਾ ।
ਤਿਵੇਂ ਨਾਲ ਵਿਜੋਗ ਦੇ ਤੁਟ ਗਿਆ,
ਪੱਕਾ ਜਾਪਦਾ ਜੋ ਧਾਗਾ ਹਾਰ ਵਾਲਾ ।
ਐਂਧਰ ਰਹੇਗਾ ਕਾਇਮ ਨਿਸ਼ਾਨ ਉਸਦਾ,
ਬਾਗ ਲਗਿਆ ਵਡੇ ਪ੍ਰਵਾਰ ਵਾਲਾ ।
ਪਤੀ ਪੁਤ੍ਰਾਂ ਲਈ ਜੋੜਾ ਮਹਿਕ ਛਡਕੇ,
ਡੱਬਾ ਭੌ ਰਹੀ ਨਾਲ ਮਹਿਕਾਰ ਵਾਲਾ ।
ਚਹਿਣਾ ਗੁਰੂ ਜਗਜੀਤ ਦੇ ਚਰਨਾਂ ਅੰਦਰ,
ਇਹ ਪ੍ਰਣ ਨਿਭਿਆ ਇਕਰਾਰ ਉਹਦਾ ।
ਰੱਖੀ 'ਆਤਮਾ' ਅਮਰ ਮਹਿੰਦਰ ਭਾਈਏ',
ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ ॥



Sri Satguru Jagjit Singh Ji eLibrary NamdhariElibrary@gmail.com

# ਸੇਠਾਣੀ ਮਹਿੰਦਰ ਕੌਰ ਜੀ

—ਪ੍ਰੀਤਮ ਸਿੰਘ ਕਵੀ

ਇਕ ਸਨਿਮਰ, ਸ਼ਰਧਾਲੂ ਤੇ ਸਾਧਵੀ, ਸੁਚੇਤ ਇਸਤਰੀ ਸਾਡੇ ਵਿਚ ਨਹੀਂ ਰਹੀ।

ਦੁਨੀਆਂ ਵਿਚੋਂ, ਬੀਬੀ ਮਹਿੰਦਰ ਕੌਰ ਜੀ ਦੇ ਸਦੀਵੀ ਵਿਛੋੜੇ ਨਾਲ ਸਭ ਤੋਂ ਵੱਡੇ ਹਿਰਦੇ ਵਿਦਾਰਕ ਸੱਲ ਦੀ ਚੋਟ ਸੇਠ ਤ੍ਰਿਲੋਕ ਸਿੰਘ ਜੀ ਨੂੰ ਲਗੀ ਹੈ ਜਿਨ੍ਹਾਂ ਦੀ ਪਰਮ ਸੇਵਕ ਅਤੇ ਸਹਾਇਕ, ਸੁਖਾਵੀਂ ਅਤੇ ਪਰਵਾਰਕ ਪ੍ਰਬੰਧਾਂ ਨੂੰ ਸੁਚਾਰੂ ਰੂਪ ਵਿਚ ਚਲਾਣ ਵਾਲੀ ਜੀਵਨ ਸੰਗਣੀ ਹੁਣ ਮੁੜ ਉਨ੍ਹਾਂ ਦੀ ਦੁਨੀਆਂ ਵਿਚ ਨਹੀਂ ਆਵੇਗੀ। ਇਹ ਅਝੱਲ ਸਦਮਾ ਸੇਠ ਚਾਵਲਾ ਦੇ ਪਰਵਾਰਕ ਜੀਵਨ ਵਿਚ ਇਕ ਕਰਬਲਾ ਪੈਦਾ ਕਰ ਦਿੰਦਾ ਜੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਰਦ ਹਸਤ ਕੰਵਲ ਇਸ ਸਾਊ ਤੇ ਸੰਜੀਦਾ ਪਰਵਾਰ ਉਤੇ ਨਾ ਹੁੰਦਾ।

ਸ੍ਰੀ ਸਤਿਗੁਰੂ ਜੀ ਸਾਨੂੰ ਵੇਲੇ ਸਿਰ ਅਜੇਹੀ ਵਿਦਾਰਕ ਚੋਟ ਸਹਿਣ ਲਈ ਅਤੇ ਭਾਣਾ ਮਿੱਠਾ ਕਰਕੇ ਮੰਨਣ ਲਈ ਪਹਿਲਾਂ ਸੁਚੇਤ ਕਰ ਦਿੰਦੇ ਹਨ :

> ਸੰਤ ਮੂਏ ਕਿਆ ਰੋਈਐ ਜੋ ਅਪਨੇ ਗ੍ਰਿਹਿ ਜਾਇ।
> ਰੋਵਹੁ ਸਾਕਤ ਬਾਪੁੜੇ ਜੁ ਹਾਟੈ ਹਾਟ ਬਿਕਾਇ।

ਦੁਨਿਆਵੀ ਪੱਖ ਤੋਂ ਇਹ ਮਨਹੂਸ ਖਬਰ ਸਾਨੂੰ ੧ ਸਤੰਬਰ ੧੯੮੭ ਦੀ ਸਵੇਰ ਨੂੰ ਮਿਲੀ ਕਿ ਬੀਬੀ ਮਹਿੰਦਰ ਕੌਰ ਜੀ ੩੧ ਅਗਸਤ ੧੯੮੭ ਦੀ ਰਾਤੀਂ ੯-੧੦ ਵਜੇ ਦੇ ਵਿਚਾਲੇ ਸਦੀਵੀ ਵਿਛੋੜਾ ਦੇ ਗਏ ਹਨ। ਇਹਨੀਂ ਦਿਨੀਂ ਸੇਠ ਤ੍ਰਿਲੋਕ ਸਿੰਘ ਜੀ ਤੇ ਬੀਬੀ ਜੀ ਲੈਕਸਿੰਗਟਨ ਅਮਰੀਕਾ ਵਿਚ ਰਹਿੰਦੇ ਅਪਣੇ ਬੱਚਿਆਂ ਸੇਠ ਜੋਹਣ ਸਿੰਘ-ਬਲਦੇਵ ਸਿੰਘ ਹੁਰਾਂ ਕੋਲ ਸਨ।

ਏਨੀ ਸੁਖਾਲੀ ਸੁਆਸੀਂ ਬੀਬੀ ਜੀ ਦਾ ਪਰਲੋਕ ਗਮਨ ਹੋਇਆ ਹੈ, ਜਿਵੇਂ ਉਹ ਇਕ ਅੰਦਰੋਂ ਨਿਕਲ ਦੂਜੇ ਅੰਦਰ ਚਲੇ ਗਏ ਹੋਣ। ਸੁਖਾਲੀ ਸੁਆਸੀਂ ਦੇਹ ਤਿਆਗਣੀ ਸਾਡੀ ਰੋਜ਼ਾਨਾ ਅਰਦਾਸ ਦਾ ਇਕ ਅੰਗ ਹੋਇਆ ਕਰਦਾ ਸੀ। ਬੀਬੀ ਮਹਿੰਦਰ ਕੌਰ ਜੀ ਨੇ ਉਸਨੂੰ ਅੰਤ ਸਮੇਂ ਪ੍ਰਤਖ ਕਰਕੇ ਵਿਖਾ ਦਿਤਾ। ਸਵਰਗਵਾਸ ਤੋਂ ੧੫-੨੦ ਮਿੰਟ ਪਹਿਲਾਂ ਉਹ ਸੇਠ ਤ੍ਰਿਲੋਕ ਸਿੰਘ ਜੀ ਨਾਲ ਡੇਢ ਘੰਟੇ ਦਾ ਸੈਰ ਸਪਾਟਾ ਕਰਕੇ ਆਏ ਸਨ।

ਇਸ ਪਰਵਾਰ ਉਤੇ ਸਤਿਗੁਰੂਆਂ ਦੀ ਅਪਾਰ ਕਿਰਪਾ ਰਹੀ ਹੈ ਕਿ ਇਸ ਨੇ ਦੁਨੀਆਵੀ ਪੱਖ ਨੂੰ ਪਹਿਲ ਨਹੀਂ ਦਿਤੀ, ਗੁਰੂ ਹੁਕਮਾਂ ਦੀ ਪ੍ਰਾਥਮਕਤਾ ਇਹਨਾਂ ਦਾ ਮੁਖ



ਲੇਖਕ

ਕਰਤੱਵ ਰਿਹਾ ਹੈ। ਇਹੋ ਕਾਰਨ ਹੈ ਕਿ ਅਮਰੀਕਾ ਦੇ ਸ਼ਹਿਰ ਲੈਕਸਿੰਗਟਨ, ਜੋ ਕੈਂਟਕੀ ਸਟੇਟ ਦਾ ਇਕ ਸ਼ਾਨਦਾਰ ਸ਼ਹਿਰ ਹੈ, ਵੀ ਇਕਾਂਤ ਮਾਣਦਿਆਂ ਚਾਵਲਾ ਪਰਵਾਰ ਮੁਖੀ ੫-੫, ੭-੭ ਘੰਟੇ ਸਿਮਰਨ ਅਤੇ ਕੀਰਤਨ ਵਿਚ ਬਿਤਾਂਦੀ। ਅੰਤ ਸਮੇਂ ਦੇ ਦਿਨਾਂ ਵਿਚ ਜੋਟੀਆਂ ਦੇ ਸ਼ਬਦ ਪੜ੍ਹਨੇ ਤੇ ਭਜਨ ਕਰਨਾ ਇਸ ਅੰਦਰੋਂ ਨਹੀਂ ਸੀ ਹੋ ਸਕਿਆ ਇਹਦੇ ਪਿੱਛੇ ਪੀੜ੍ਹੀਆਂ ਦੇ ਸੰਸਕਾਰ ਕੰਮ ਕਰਦੇ ਸਨ। ਇਸ ਚਾਵਲਾ ਜੋੜੀ ਨੇ ਜਵਾਨੀ ਵਿਚ ਵੀ ਸੰਧ ਰਖਕੇ ਸਤਿਗੁਰੂ ਜੀ ਤੇ ਸਾਧ ਸੰਗਤ ਦੀ ਸੇਵਾ ਕੀਤੀ ਹੈ। ਹੁਣ ਵੀ ਕੁਝ ਸਾਲਾਂ ਤੋਂ ਆਗੂ ਜੋੜੇ ਦਾ ਫ਼ਕਰ ਜ਼ਬਾਨ ਸੂਚ ਤੇਪ ਦੀ ਮਰਿਆਦਾ ਵਿਚ ਹੈ।

ਚੁਗਾ 'ਮਤਰੂ ਦਾ ਅਚਰਮਨ ਵੇਖੋ ਕਦੋਂ ਹੋਇਆ ਜਦੋਂ ਉਹ ਸ਼ਾਮ ਨੂੰ ਬਾਹਰੋਂ ਡੇਢ ਘੰਟੇ ਦੀ ਮੋਟਰ ਫੇਰੀ ਲਾ ਕੇ ਆਏ ਤਾਂ ਉਨ੍ਹਾਂ ਅਪਣੇ ਚੌਥੇ ਸਪੁਤਰ ਬਲਦੇਵ ਸਿੰਘ ਨੂੰ ਆਖਿਆ ਕਿ ਉਹ ਅਪਣੇ ਵੱਡੇ ਵੀਰ ਬਖਸ਼ੀਸ਼ ਸਿੰਘ ਨੂੰ ਟੈਲੀਫੋਨ ਕਰੇ, ਉਸਨੂੰ ਵਧਾਈਆਂ ਦੇਵੇ ਉਸਦਾ ਅੱਜ ਜਨਮ ਦਿਨ ਹੈ ਅਤੇ ਨਾਲ ਹੀ ਅਗਲੇ ਦਿਨ ਆਉਣ ਵਾਲੇ ਰੱਖੜੀ ਦੇ ਤਿਉਹਾਰ ਦੀਆਂ ਮੁਬਾਰਕਾਂ ਉਹਦੇ ਬੱਚੇ ਅੰਮ੍ਰਿਤ ਲਈ ਦੇਵੇ ਜਿਸਨੂੰ ਅਜੇ ਪਹਿਲੀ ਰੱਖੜੀ ਹੀ ਸੰਸਾਰ ਵਿਚ ਆਈ ਹੈ। ਫੋਨ ਦੇ ਨੰਬਰ ਮਿਲੇ ਤਾਂ ਮਾਤਾ ਜੀ ਵਲੋਂ ਬਖਸ਼ੀਸ਼ ਸਿੰਘ ਨੂੰ ਵਧਾਈ ਦਿਤੀ ਗਈ, ਜਿਨ੍ਹਾਂ ਗੱਲੀਂ ਤੋਂ, ਸੇਠ ਜੀ ਦੇ ਚਰਨਾਂ ਵਿਚ ਬੈਠੇ ਬੈਠੇ ਲੁੜ੍ਹਕ ਪਏ ਹਨ, ਇਹਨਾਂ ਦੇ ਪ੍ਰਾਣ ਪੰਖੇਰੂ ਉਡ ਗਏ! ਮੁਬਾਰਕਾਂ ਦਿੰਦਿਆਂ ਆਪ ਜੀਵਨ ਚੋਂ ਨਿੱਖੜ ਜਾਣਾ ਅਰਥਾਤ ਦੂਜੇ ਪਾਸੇ ਹੋ ਖਲੋਣਾ ਕਿੰਨਾ ਅਚੰਭਾ ਹੈ।

ਖੁਸ਼ੀਆਂ ਚੀਆਂ ਘੜੀਆਂ ਵਿਚ ਸੋਗ ਦਾ ਵਰਕਾ ਖੁਲ੍ਹ


Sri Satguru Jagjit Singh Ji eLibrary NamdhariElibrary@gmail.com

ਗਿਆ। ਜਿਸ ਫੋਨ ਤੇ ਪਹਿਲੇ ਮੁਬਾਰਕਾਂ ਵੰਡੀਆਂ ਜਾ ਰਹੀਆਂ ਸਨ ਉਸੇ ਯੰਤਰ ਨੂੰ ਬਲਦੇਵ ਸਿੰਘ ਵਲੋਂ ਅਤੇ ਪਿਆਰੀ ਮਾਂ ਦੇ ਸੰਸਾਰ ਯਾਤਰਾ ਸਮਾਪਤ ਕਰ ਜਾਣ ਦੀ ਸੋਗੀ ਖ਼ਬਰ ਨੂੰ ਪ੍ਰਸਾਰਤ ਕਰਨ ਲਈ ਵਰਤਿਆ ਜਾਣ ਲਗਾ।

ਮੈਨੂੰ ਯਾਦ ਆਇਆ ਉਹ ਦਿਨ, ਜਦੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਵਾਲੀਏ ਦੋ ਜਹਾਨ ਦਾ ਇਕ ਅੰਤ ਸਮੇਂ ਤਕ ਦਾ ਹਜ਼ੂਰੀ ਸੇਵਕ ਅਤੇ ਡਾਗਰੀ ਸੰਤ ਰਤਨ ਸਿੰਘ (ਪਾਂਦੀ-ਫਗਵਾੜਾ) ਦਿੱਲੀ ਵਿਚ ਕਿਤੇ ਵਿਰਾਗ ਨਾਮਧਾਰੀ ਇਕੱਠ ਵਿਚ ਅਤੇ ਕਿੰਨੀਆਂ ਸ਼ਾਨਾਂ ਨਾਲ ਏਵ ਨਗਰ ਸ਼ਮਸ਼ਾਨ ਘਾਟ ਵਲ ਲੈ ਜਾਇਆ ਜਾ ਰਿਹਾ ਸੀ। ਲੋਕਾਂ ਨੂੰ ਇਹ ਸ਼ੱਕ ਹੋ ਗਿਆ ਸੀ ਕਿ ਸ਼ਾਇਦ ਨਾਮਧਾਰੀਆਂ ਦੇ ਸਤਿਗੁਰੂ ਜੀ ਦੀ ਹੀ ਸ਼ਵ ਯਾਤਰਾ ਹੈ। ਸੰਤ ਰਤਨ ਸਿੰਘ ਬੀਬੀ ਮਹਿੰਦਰ ਕੌਰ ਜੀ ਦਾ ਮੂੰਹ ਬੋਲਿਆ ਭਾਈ ਸੀ। ਉਸਦੇ ਖਿਆਲ ਨੂੰ ਸਿੰਗਾਰਨ ਅਤੇ ਸਾਧ ਸੰਗਤ ਦੇ ਇਸ ਮਹਾਨ ਜਲੂਸ ਦੀ ਤਿਆਰੀ ਵਿਚ ਕਿਹੜਾ ਸਹਿਯੋਗ ਸੀ ਜਿਹੜਾ ਬੀਬੀ ਮਹਿੰਦਰ ਕੌਰ ਜੀ ਨੇ ਨਹੀਂ ਸੀ ਦਿਤਾ। ਅਤੇ ਅੱਜ ਉਹ ਮਹਿੰਦਰ ਕੌਰ ਅਮਰੀਕਾ ਦੇ ਵਿਸ਼ਾਲ ਦੇਸ਼ ਵਿਚ ਆਪਣੇ ਪਰਵਾਰ ਦੇ ਪੰਜਾਂ ਜੀਆਂ—ਦੋ ਨੂੰਹਾਂ ਦੋ ਪੁੱਤਰਾਂ ਤੇ ਪੋਤੀ ਨਾਲ ਹੀ ਸਸਕਾਰੇ ਜਾਣ ਵਾਸਤੇ ਜਾ ਰਹੀ ਹੋਵੇਗੀ—ਪਰ ਨਹੀਂ, ਉਸ ਦੀ ਸੇਵਾ ਅਤੇ ਚਰਚਾ ਤਾਂ ਸਾਰੇ ਅਮਰੀਕਾ ਵਿਚ ਫੈਲ ਗਈ। ਅਮਰੀਕਨ ਪ੍ਰੈਸ ਅਤੇ ਟੈਲੀਵੀਜ਼ਨ ਨੇ ਮਹਿੰਦਰ ਕੌਰ ਜੀ ਦਾ ਅੰਤ ਸਮਾ ਘਰ ਘਰ ਪੁਚਾ ਦਿੱਤਾ।

ਇਹਦੇ ਪਿਛੇ ਵੀ ਸੇਠ ਚਾਵਲਾ ਪਰਵਾਰ ਦੀ ਗੁਰੂ ਭਗਤੀ ਸੀ। ਚਾਵਲਾ ਪਰਵਾਰ ਵਰਤਮਾਨ ਸਤਿਗੁਰੂ ਜੀ ਦੀ ਆਗਿਆ ਪ੍ਰਾਪਤੀ ਬਿਨਾ ਦੁਨੀਆਂ ਵਿਚ ਕੋਈ ਕਦਮ ਵੀ ਨਹੀਂ ਪੁੱਟਦਾ। ਸਾਡੇ ਲਈ ਵਿਦੇਸ਼ ਪਰ ਚਾਵਲਾ ਪਰਵਾਰ ਦਾ ਆਪਣਾ ਇਕ ਘਰ ਜਾਂ ਦੇਸ ਅਮਰੀਕਾ। ਬੀਬੀ ਜੀ ਦਾ ਸਸਕਾਰ ਕਿਥੇ ਹੋਵੇ, ਅਮਰੀਕਾ, ਥਾਈਲੈਂਡ ਜਾਂ ਭਾਰਤ ਵਿਚ! ਤਿੰਨੇ ਦੇਸ਼ ਤਾਂ ਇਕੋ ਜਿਹੇ ਅਪਣੇ ਹਨ। ਤਿੰਨਾਂ ਵਿਚ ਹੀ ਸਾਂਝਾ ਵਿਚਰਨ ਰਿਹਾ ਹੈ ਚਾਵਲਾ ਪਰਵਾਰ ਦਾ। ਇੱਕੋ ਹੱਲ ਸੀ, ਸਤਿਗੁਰੂ ਜੀ ਦੀ ਆਗਿਆ!

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਿਹੜੇ ਚਾਵਲਾ ਪਰਵਾਰ ਦੇ ਪ੍ਰਾਣ ਅਧਾਰ ਹਨ, ਉਦੋਂ ਜੀਵਨ ਨਗਰ ਇਲਾਕੇ ਵਿਚ ਦਰਸ਼ਨ ਦੇ ਰਹੇ ਸਨ ਜਦੋਂ ਭਾਰਤ ਵਿਚ ਰਹਿੰਦੇ ਬੀਬੀ ਮਹਿੰਦਰ ਕੌਰ ਦੇ ਲਖ਼ਤੇ ਜਿਗਰ, ਧਰਮ ਸਿੰਘ-ਸੰਤ ਸਿੰਘ-ਸੁਰਿੰਦਰ ਸਿੰਘ-ਸੰਤੋਖ ਸਿੰਘ ਭਰੇ ਹੋਏ ਗਲੇ ਨਾਲ ਪਰ ਭਾਣਾ ਮਿੱਠਾ ਕਰਕੇ ਮੰਨਣ ਜਾਂ ਗੁਰੂ ਦੀ ਰਜ਼ਾ ਅਗੇ ਸਿਰ ਝੁਕਾਂਦੇ ਹੋਏ ਸ੍ਰੀ ਸਤਿਗੁਰੂ ਜੀ ਤੋਂ ਆਗਿਆ ਲੈ ਰਹੇ ਸਨ: ਸਸਕਾਰ



ਬੀਬੀ ਮਹਿੰਦਰ ਕੌਰ

ਕਿਥੇ ਕਰੀਏ?

ਸੱਚੇ ਪਾਤਸ਼ਾਹ ਜੀ ਨੇ ਹੁਕਮ ਕੀਤਾ, ਅਮਰੀਕਾ ਵਿਚ ਹੀ ਅਸਲੀ ਜ਼ਮੀਨ ਤੇ। ਪਰ ਅਮਰੀਕਾ ਦੇ ਕਾਨੂੰਨ ਮੁਤਾਬਕ ਪ੍ਰਾਣ ਹੀਨ ਸਰੀਰ ਸਿਹਤ ਮਹਿਕਮੇ ਦੇ ਹਵਾਲੇ ਕੀਤਾ ਜਾ ਚੁਕਾ ਸੀ। ਅਮਰੀਕਾ ਵਿਚ ਦੇਹ ਸਸਕਾਰ ਬਿਜਲੀ ਦੁਆਰਾ ਭਾਵ ਕ੍ਰੀਮੇਟੋਰੀਅਮ ਵਿਚ ਕੀਤਾ ਜਾਂਦਾ ਹੈ। ਮਸਲਾ ਪੇਚੀਦਾ ਹੋ ਗਿਆ। ਇਸ ਵਿਚ ਦੋ ਮਹਿਕਮਿਆਂ ਦਾ ਦਖ਼ਲ ਸੀ, ਮਿਉਂਸਪਲ ਅਧਿਕਾਰੀਆਂ ਅਤੇ ਮੈਡੀਕਲ ਅਧਿਕਾਰੀਆਂ ਦਾ। ਦੋਵੇਂ ਇਸ ਬੇਨਤੀ ਨੂੰ ਪਰਵਾਨ ਕਰਨ ਤਾਂ ਹੀ ਦੇਹ ਸਸਕਾਰ ਕਰਨ ਨਮਿਤ ਮਿਲ ਸਕਦੀ ਸੀ।

ਬੀਬੀ ਮਹਿੰਦਰ ਕੌਰ ਜੀ ਦੀ ਦੇਹ ਮਿਉਨਸਪਲ ਕਾਨੂੰਨ ਅਧੀਨ, ਸਿਹਤ ਵਿਭਾਗ ਦੁਆਰਾ ਫਿਉਨਰਲ ਹੋਮ, ਜਿਥੇ ਦੇਹਾਂ ਨੂੰ ਵਾਰੀ ਸਿਰ ਬਿਜਲੀ ਭੇਟ ਕਰਨ ਲਈ ਰਖਿਆ ਜਾਂਦਾ ਹੈ, ਵਿਖੇ ਪਹੁੰਚ ਚੁਕੀ ਸੀ। ਸ੍ਰੀ ਸਤਿਗੁਰੂ ਜੀ ਦੇ ਹੁਕਮ ਦੇ ਆਧਾਰ ਤੇ ਚਾਵਲਾ ਪਰਵਾਰ ਨੇ ਦਰਖ਼ਾਸਤ ਕੀਤੀ ਕਿ ਬੀਬੀ ਜੀ ਦਾ ਸਰੀਰ ਉਨ੍ਹਾਂ ਨੂੰ ਸਸਕਾਰਨ ਲਈ ਮਿਲ ਜਾਵੇ ਪਰ ਮਹਿਕਮਾ ਸਿਹਤ ਨੇ ਅੜੰਗਾ ਡਾਹ ਦਿਤਾ ਕਿ ਉਹ ਕਿਸੇ ਨੂੰ ਵੀ ਕ੍ਰੀਮੇਟੋਰੀਅਮ ਤੋਂ ਬਾਹਰ ਸਸਕਾਰ ਕਰਨ ਦੀ ਆਗਿਆ ਨਹੀਂ ਦਿੰਦੇ। ਸੇਠ ਤ੍ਰਿਲੋਕ ਸਿੰਘ ਹੋਰੀਂ ਬਜ਼ਿਦ ਕਿ ਅਸੀਂ ਅਪਣੀ ਜੀਵਨ ਸੰਗਣੀ ਦਾ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਸਿੱਖੀ ਰਸਮਾਂ ਨਾਲ ਸਸਕਾਰ ਕਰਨਾ ਹੈ।

ਇਸ ਸੰਘਰਸ਼ ਵਿਚ ਪ੍ਰੈਸ ਵਾਲੇ ਆ ਗਏ। ਦੇਸ਼ ਦੀਆਂ ਤਮਾਮ ਅਖ਼ਬਾਰਾਂ ਦੇ ਪ੍ਰਤੀਨਿਧ, ਟੈਲੀਵੀਜ਼ਨ ਵਾਲੇ। ਹਰ ਗੱਲ ਰੋਜ਼ ਅਖ਼ਬਾਰਾਂ ਦੀ ਖ਼ਬਰ ਬਣਦੀ ਅਤੇ ਟੈਲੀਕਾਸਟ

Sri Satguru Jagjit Singh Ji eLibrary NamdhariElibrary@gmail.com

ਹੁੰਦੀ। ਤਮਾਮ ਅਮਰੀਕਾ ਦੀਆਂ ਅੱਖਾਂ ਅਤੇ ਧਿਆਨ ਬੀਬੀ ਮਹਿੰਦਰ ਕੌਰ ਦੇ ਅੰਤਮ ਸੰਸਕਾਰ ਵੱਲ ਹੋ ਗਿਆ। ਫਿਊਨਰਲ ਹੋਮ ਵਾਲਿਆਂ ਅੰਤ ਉੱਤੇ ਚਾਵਲਾ ਪਰਵਾਰ ਦੀ ਮਦਦ ਕੀਤੀ, ਉਨ੍ਹਾਂ ਨੇ ਸਿਹਤ ਮਹਿਕਮੇ ਨੂੰ ਮਨਾਇਆ ਅਤੇ ਵੱਡਾ ਮਿਊਂਸਪਲ ਅਧਿਕਾਰੀਆਂ ਤੇ ਦਬਾਅ ਪਾਇਆ—ਅਖਬਾਰਾਂ ਅਤੇ ਟੈਲੀਵੀਜ਼ਨ ਤੇ ਪ੍ਰਾਪੇਗੰਡੇ ਨੇ ਸ੍ਰੀ ਸਤਿਗੁਰੂ ਜੀ ਦੇ ਹੁਕਮ ਦੀ ਪੂਰਤੀ ਕਰ ਦਿੱਤੀ। ਸਸਕਾਰ ਲਈ ਬੀਬੀ ਜੀ ਦਾ ਸਰੀਰ ਮਿਲ ਗਿਆ।

ਘਰ-ਵਾਸ਼ਿੰਗਟਨ-ਤੋਂ ਇਕ ਘੰਟਾ ਕਾਰ ਸਫਰ ਦੇ ਫਾਸਲੇ ਤੇ ਸੇਠ ਚਾਵਲਾ ਜੀ ਜੋ ੧੬੧ ਏਕੜ ਜ਼ਮੀਨ ਲਾਰੇਂਸ ਬਰਗ ਸ਼ਹਿਰ ਵਿਚ ਹੈ, ਓਥੇ ਮਹਿੰਦਰ ਕੌਰ ਜੀ ਦੀ ਦੇਹ ਲੈ ਜਾਕੇ ਸਿੱਖੀ ਰੀਤੀ ਰਿਵਾਜ ਅਨੁਸਾਰ ਸਸਕਾਰੀ ਗਈ। ਇਸ ਅਵਸਰ ਤੇ ਸੈਂਕੜੇ ਲੋਕਾਂ ਦਾ ਇਕੱਠ ਹੋ ਗਿਆ। ਅਖਬਾਰਾਂ ਵਾਲਿਆਂ ਅਤੇ ਟੈਲੀਵੀਜ਼ਨ ਵਾਲਿਆਂ ਲੰਮੀਆਂ ਲੰਮੀਆਂ ਰਿਪੋਰਟਾਂ ਦਿੱਤੀਆਂ। ਪਤ੍ਰਪ੍ਰੇਰਕਾਂ ਬੀਬੀ ਮਹਿੰਦਰ ਕੌਰ ਦੇ ਸਸਕਾਰ ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਸਕਾਰ ਨਾਲ ਤੁਲਨਾ ਦਿੱਤੀ ਕਿ ਜੋ ਕੁਝ ਉਨ੍ਹਾਂ ਭਾਰਤ ਦੀ ਪ੍ਰਧਾਨ ਮੰਤਰੀ ਦੇ ਦਾਹ ਸੰਸਕਾਰ ਸਮੇਂ ਤੱਕਿਆ ਐਨ ਉਸੇ ਤਰੀਕੇ ਨਾਲ ਬੀਬੀ ਚਾਵਲਾ ਦਾ ਸਸਕਾਰ ਕੀਤਾ ਗਿਆ!

ਏਹ ਚਮਤਕਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮ ਦਾ ਹੀ ਸੀ। ਸੋ ਅਪਣੇ ਜਨਮ ਦੇਸ਼ੋਂ ਦੂਰ, ਭਾਈਚਾਰੇ ਦੇ ਦੇਸ਼ ਥਾਈਲੈਂਡ ਤੋਂ ਵੀ ਹਜ਼ਾਰਾਂ ਮੀਲਾਂ ਦੇ ਫਾਸਲੇ ਤੇ, ਅਮਰੀਕਾ ਵਿਚ ਜਾ ਅੰਤ ਸਮੇਂ ਵੀ ਵਿਸ਼ੇਸ਼ ਸ਼ੁਹਰਤ ਹਾਸਲ ਕਰ ਲਈ।

ਪੰਜਵੇਂ ਸਤਿਗੁਰਾਂ ਦਾ ਕਥਨ :

ਮਾਨ, ਮੋਹ ਅਰ ਲੋਭ ਵਿਕਾਰਾ, ਬੀਓ ਚੀਤਿ ਨ ਘਾਲਿਓ।
ਨਾਮ ਰਤਨੁ ਗੁਣਾ ਹਰਿ ਬਣਜੇ,
ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ।
ਜੀਵਤ ਸਾਹਿਬੁ ਸੇਵਿਓ ਅਪਨਾ,
ਚਲਤੇ ਰਾਖਿਓ ਚੀਤਿ ॥੧॥ ਰਹਾਉ।
ਜੈਸੀ ਆਗਿਆ ਕੀਨੀ ਠਾਕੁਰਿ ਤਿਸ ਤੇ ਮੁਖੁ ਨਹੀਂ ਮੋਰਿਓ।
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ,
ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ, ਸੋਈ ਕਰਿ ਸੂਖਾ,
ਸੋਗ ਹਰਖ ਨਹੀ ਜਾਨਿਓ।
ਜੋ ਜੋ ਹੁਕਮੁ ਭਇਓ ਸਾਹਿਬ ਕਾ ਸੋ ਮਾਥੈ ਲੇ ਮਾਨਿਓ ॥੩॥
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ,
ਸਵਰੇ ਹਲਤ ਪਲਾਤਾ।
ਧੰਨੁ ਸੇਵਕੁ ਸਫਲੁ ਓਹੁ ਆਇਆ,
ਜਿਨਿ-ਨਾਨਕ ਖਸਮੁ ਪਛਾਤਾ। (ਪੰਨਾ ੧੦੦੦)

ਇਸ ਸ਼ਬਦ ਦਾ ਅੱਖਰ ਅੱਖਰ ਬੀਬੀ ਮਹਿੰਦਰ ਕੌਰ ਜੀ ਤੇ ਢੁਕਦਾ ਹੈ।

ਹਰੇਕ ਲਈ ਸੁਖਾਵਾਂ, ਨਿਮ੍ਰਤਾ, ਸ਼ਰਧਾ, ਸਤਿਕਾਰ ਭਰਿਆ ਇਹ ਜੀਵਨ ਜਿਸ ਦੀ ਜੋਤ ੬੦ ਸਾਲ ੬ ਮਹੀਨੇ ਤਕ ਨਿਰੰਤਰ ਜਗਦੀ ਰਹੀ, ਉਸ ਦੇ ਪਿਛੇ ਉਹ ਸ਼ਕਤੀਆਂ ਕੰਮ ਕਰ ਰਹੀਆਂ ਸਨ ਜਿਨ੍ਹਾਂ ਨੇ ਬੀਬੀ ਜੀ ਲਈ ਸੰਸਕਾਰਾਂ ਦੀ ਐਸੀ ਧਰਤੀ ਤੇ ਵਾਤਾਵਰਣ ਦਿੱਤਾ ਕਿ ਇਕ ਛਿਨ ਲਈ ਵੀ ਗੁਰੂ ਦੇ ਚਰਨਾਂ ਤੋਂ ਮਨ ਡੋਲਿਆ ਨਹੀਂ ਸਗੋਂ ਜਿਉਂ ਜਿਉਂ ਆਪ ਨੇ ਅੱਗੇ ਨੂੰ ਕਦਮ ਪੁੱਟੇ ਤਿਉਂ ਤਿਉਂ ਸਤਿਗੁਰੂ ਸਨੇਹ ਅਤੇ ਸ਼ਰਧਾ ਪਿਆਰ ਹੋਰ ਗਹਿਰਾ ਗੂੜ੍ਹਾ ਹੋਇਆ।

ਸ੍ਰੀਮਾਨ ਸੰਤ ਖਜ਼ਾਨ ਸਿੰਘ ਇਨਸਾਫ ਤੇ ਮਾਤਾ ਮਹੰਤ ਕੌਰ ਜੀ ਦੀ ਇਹ ਪੁੱਤਰੀ, ਜਿਸਨੇ ਪਹਿਲੀ ਵਾਰ ਸੰਸਾਰ ਵਿਚ ੧੪-੧੫ ਅਪਰੈਲ ੧੯੨੫ ਦੀ ਰਾਤੀਂ ਅੱਖਾਂ ਖੋਲ੍ਹੀਆਂ, ਜਵਾਨੀ ਵਿਚ ਪੈਰ ਧਰਨ ਦੇ ਨਾਲ ਹੀ ਉਸ ਵੇਲੇ ਦੇ ਰਿਵਾਜ ਮੁਤਾਬਕ, ੧੫ਵੇਂ ਸਾਲ ਦੇ ਆਰੰਭ ਵਿਚ ਗੁਰੂ ਵਰਸਾਏ ਪਰਵਾਰ ਦੀ ਨੂੰਹ ਬਣ ਕੇ ਆ ਗਈ। ਸਹੁਰੇ ਪਰਵਾਰ ਨੂੰ ਮਾਪਿਆਂ ਵਾਂਗ ਹੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਹੀ ਸਿੱਖੀ ਦੀ ਜਾਗ ਲੱਗੀ ਹੋਈ ਸੀ।

ਸ੍ਰੀਮਾਨ ਸੰਤ ਫੂਲਾ ਸਿੰਘ ਜੀ ਚਾਵਲਾ ਅਤੇ ਮਾਤਾ ਦਿਆਲ ਕੌਰ ਜੀ ਸ਼ੇਖੂਪੁਰ ਬੇਗਾਦ (ਗੁਜਰਾਂਵਾਲਾ) ਸਹੁਰਾ ਅਤੇ ਸੱਸ ਰੂਪ ਵਿਚ ਪ੍ਰਾਪਤ ਹੋਏ ਪਰ ਬੀਬੀ ਮਹਿੰਦਰ ਕੌਰ ਜੀ ਨੇ ਸਦਾ ਹੀ ਉਨ੍ਹਾਂ ਨੂੰ ਪਿਤਾ-ਮਾਤਾ ਦੇ ਸਰੂਪ ਵਿਚ ਤੱਕਿਆ ਤੇ ਉਨ੍ਹਾਂ ਦੇ ਜੀਵਨ ਵਿਚ ਸੇਵਾ ਕਰ ਕਰ ਖੁਸ਼ੀਆਂ ਹਾਸਲ ਕੀਤੀਆਂ।

ਵੈਸਾਖੀ, ੧੩ ਅਪਰੈਲ ੧੯੩੯ ਵਿਚ ਬੈਂਕੋਕ ਵਿਖੇ ਹੋਏ ਸੇਠ ਤ੍ਰਿਲੋਕ ਸਿੰਘ ਜੀ ਚਾਵਲਾ ਦੇ ਅਨੰਦ ਕਾਰਜ ਉਪ੍ਰੰਤ ਚਾਵਲਾ ਜੀ ਨੂੰ ਐਸੀ ਜੀਵਨ ਸੰਗਣੀ ਨਸੀਬ ਹੋਈ ਜਿਸ ਨਾਲ 'ਦਿਨ ਦਿਨ ਦੂਣਾ ਹੋਤ' ਵਾਲੀ ਗੱਲ ਬਣ ਗਈ। ਮੋਹ ਪਿਆਰ ਦੀ ਅਜਿਹੀ ਪੀਚਵੀਂ ਗੰਢ ਪਈ ਕਿ ਸ਼ਿਕਾ ਨਾਮ ਦੀ ਕੋਈ ਚੀਜ਼ ਜੀਵਨ ਪ੍ਰਯੰਤ ਨਹੀਂ ਵਿਆਪੀ।

ਦੋਹਾਂ ਜੀਆਂ ਦਾ ਜਿਥੇ ਆਪੋ ਵਿਚਲੀ ਪਰਮ ਸਨੇਹ ਸੀ ਓਥੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨ ਕਵਲਾਂ ਨਾਲ ਵੀ ਗੂੜ੍ਹੀ ਪ੍ਰੀਤੀ ਸੀ, ਉਨ੍ਹਾਂ ਤੋਂ ਉਪ੍ਰੰਤ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੀ ਮਨ, ਹਿਰਦੇ ਤੇ ਅੱਖੀਆਂ ਵਿਚ ਸਦੀਵ ਕਾਲ ਵੱਸ ਰਹਿੰਦੇ।

Sri Satguru Jagjit Singh Ji eLibrary NamdhariElibrary@gmail.com

ਥਾਈਲੈਂਡ ਵਿਚ ਵਸਦੇ ਨਾਮਧਾਰੀ ਪਰਵਾਰਾਂ ਦਾ ਸਰਮਾਇਆ ਤੇ ਵੈਭਵ ਹਰ ਕਿਸੇ ਨੂੰ ਆਕਰਸ਼ਤ ਕਰਦਾ ਹੈ ਪਰ ਜੋ ਪਦਵੀ, ਥਾਈਲੈਂਡ ਦੇ ਸਰਕਾਰੀ ਬੈਂਕ, ਅਯੋਧਿਆ ਬੈਂਕ ਦੀ ਐਗਜ਼ੈਕਿਊਟਿਵ ਡਾਇਰੈਕਟਰੀ ਦੀ ਸੇਠ ਤ੍ਰਲੋਕ ਸਿੰਘ ਜੀ ਨੂੰ ਮਿਲੀ, ਉਹ ਇਹਨਾਂ ਦੀ ਦੂਰ ਦਰਸ਼ਤਾ, ਬਾਰੀਕ ਬੁੱਧੀ ਅਤੇ ਸਮੇਂ ਦੀ ਨਬਜ਼ ਨੂੰ ਪਛਾਨਣ ਵਾਲੀ ਸੂਝ ਸਦਕਾ ਸੀ। ਸੁਖ-ਆਨੰਦ ਦੋਹਾਂ ਜੀਆਂ ਦੇ ਅਗੇ ਪਿਛੇ ਸੇਵਕ ਬਣਕੇ ਘੁੰਮ ਰਿਹਾ ਸੀ—ਪਰ ੧੦ ਸਾਲ ਦਾ ਵਕਫਾ ਬਿਨਾ ਸੰਤਾਨ ਤੋਂ ਗੁਜ਼ਰ ਜਾਣਾ ਸਾਧਾਰਨ ਜੋੜੇ ਲਈ ਵੀ ਬੜਾ ਦੁਸ਼ਵਾਰ ਹੈ ਪਰ ਮਾਲ ਦੌਲਤ ਦੇ ਅੰਬਰਾਂ ਵਿਚ ਵਸਦੀ ਦੰਪਤੀ ਵਾਸਤੇ ਤਾਂ ਹੋਰ ਵੀ ਰੜਕਣ ਵਾਲਾ ਹੋ ਜਾਂਦਾ ਹੈ।

ਅੰਤ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਜੋੜੇ ਦੀ ਇਸ ਮਨੋਅਵਸਥਾ ਵਿਚੋਂ ਕਢਣ ਲਈ ਸਹਾਇਕ ਹੋਏ। ਇਹ ਸਾਲ ੧੯੪੯ ਦਾ ਸੀ। ਚਾਵਲਾ ਦੰਪਤੀ ਭਾਰਤ ਆਈ ਹੋਈ। ਬੜਾ ਸਮਾਂ ਅਟੱਲ ਪ੍ਰਤਾਪੀ ਦੇ ਚਰਨਾਂ ਵਿਚ ਗੁਜ਼ਾਰਿਆ। ਇਕ ਸੁਹਾਵਣੇ ਦਿਨ, ਸ਼ਾਮਾਂ ਦੇ ਅੰਤ ਸਮੇਂ ਪਿਘਲੀ ਹੋਈ ਰੂਹ ਨਾਲ ਸੇਠ ਤ੍ਰਲੋਕ ਸਿੰਘ ਜੀ ਸਤਿਗੁਰੂ ਜੀ ਦੇ ਮੰਜੇ ਦੇ ਪਿਛੇ ਖਿਦਮਤ ਦਾ ਵੱਟ ਕੱਢ ਰਹੇ ਸਨ ਕਿ ਭਾਈ ਵਜ਼ੀਰ ਸਿੰਘ ਜੀ ਦੀ ਬੇਨਤੀ ਤੇ ਸੇਠ ਜੀ ਵਾਸਤੇ ਗੁਰੂ ਜਿਹਵੇਂ ਵਰ ਉਠਿਆ। ਪੁਕਾਰ ਸੁਣੀ ਗਈ। ਅਗਲੇ ਸਾਲ ੩੦ ਅਗਸਤ ੧੯੫੦ ਨੂੰ ਜੋੜੀ ਨੂੰ ਪਹਿਲੇ ਪੁੱਤਰ ਰਤਨ ਨੇ ਨਿਵਾਜਿਆ। ਇਹ ਸਪੁੱਤਰ ਬਖਸ਼ੀਸ਼ ਸਿੰਘ ਸੀ ਜੋ ਹੁਣ ਸਮੇਤ ਪਰਵਾਰ ਬੈਂਕੋਕ ਵਿਚ ਰਿਹਾਇਸ਼ ਰਖਦਾ ਹੈ। ਫਿਰ ਤਾਂ ਸਤਿਗੁਰੂ ਜੀ ਦੀ ਐਸੀ ਬਖਸ਼ਸ਼ ਹੋਈ ਕਿ ਉੱਤੋੜਿਤੀ ੭ ਬੱਚੇ ਹੋਰ ਪ੍ਰਾਪਤ ਹੋਏ: ੨. ਧਰਮ ਸਿੰਘ ਜਨਮ ੨੮ ਜੂਨ ੧੯੫੨, ੩. ਮੋਹਣ ਸਿੰਘ ਜਨਮ ੭ ਸਤੰਬਰ ੧੯੫੩, ੪. ਬਲਦੇਵ ਸਿੰਘ ਜਨਮ ੩੧ ਦਸੰਬਰ ੧੯੫੪, ੫. ਸ਼ੇਰ ਸਿੰਘ ਜਨਮ ੨ ਅਗਸਤ ੧੯੫੬, ੬. ਭੁਪਿੰਦਰ ਸਿੰਘ ਜਨਮ ੭ ਅਕਤੂਬਰ ੧੯੫੮, ੭. ਗੁਰਦੀਪ ਕੌਰ ਬਾਵੇ ੨੧ ਜੂਨ ੧੯੬੦, ੮. ਸੰਤੋਖ ਸਿੰਘ, ਬੱਲ ਜੀ ੨੧ ਫਰਵਰੀ ੧੯੬੨।

ਨਾਵਾਂ ਦੇ ਬਾਰੇ ਛਪੇ ਹੋਏ ਫੋਲਡਰ ਵਿਚ ਥੋੜੀ ਚੂਕ ਹੋ ਗਈ ਹੈ। ਸ੍ਰੀਮਾਨ ਭਾਈ ਵਜ਼ੀਰ ਸਿੰਘ ਜੀ ਨੇ ਸੇਠ ਚਾਵਲਾ ਨੂੰ ਇਕ ਸਮੇਂ ਕਿਹਾ ਸੀ: ਤੂੰ ਸੰਤੋਖ ਰੂਪ ਸਚੇ ਪਾਤਸ਼ਾਹ ਖ਼ੁਸ਼ ਕਰਨ, ਧਰਮ ਬਣਿਆ ਰਹੇ। ਜਿਸ ਆਦਮੀ ਦਾ ਧਰਮ ਕਾਇਮ ਰਹੇ ਉਹ ਆਦਮੀ ਦੁਨੀਆਂ ਦਾ ਰਾਜਾ, ਸੋਹਣਾ ਜਾਂ ਬਲਵਾਨ ਕਹਿ ਲਓ, ਜਿਵੇਂ ਜੰਗਲ ਵਿਚ ਸ਼ੇਰ ਵਾਂਗ ਵਿਚਰਦਾ ਹੈ। ਧਰਮ ਤੇ ਦ੍ਰਿੜ੍ਹਤਾ ਰਹਿੰਦਿਆਂ ਸੰਤੋਖ ਫੁਲਦਾ ਫਲਦਾ ਹੈ। ਇਹਨਾਂ ਸ਼ਬਦਾਂ ਵਿਚੋਂ ਹੀ ਬੱਚਿਆਂ ਦੇ ਨਾਂ ਰਖੇ ਗਏ ਸਨ। ਉਹਨਾਂ ਸਿਧੇ ਨਾਂ ਨਹੀਂ ਸੀ ਰਖੇ। ਉਂਜ



ਬੀਬੀ ਮਹਿੰਦਰ ਕੌਰ ਜੀ

ਇਹਨਾਂ ਸ਼ਬਦਾਂ ਵਿਚੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਰਖੇ।

ਘਰ ਵਿਚ ਪਦਾਰਥ ਵਲੋਂ ਕਿਸੇ ਪਰਕਾਰ ਦੀ ਥੁੜ੍ਹ ਨਹੀਂ ਸੀ, ਕੋਠੀਆਂ, ਬੰਗਲੇ, ਕਾਰਾਂ ਦੇ ਕਾਫਲੇ, ਨੌਕਰ ਚਾਕਰ ਜ਼ਮੀਨ ਜਾਇਦਾਦਾਂ ਮਿਲਖਾਂ, ਸੰਤਾਨ ਨੂੰ ਸ਼ਹਿਜ਼ਾਦਿਆਂ ਵਾਂਗ ਪਾਲਿਆ ਸੰਭਾਲਿਆ। ਪਰ ਮਨ ਦੀ ਤਾਰ ਗੁਰੂ ਚਰਨਾਂ ਨਾਲ ਜੁੜੀ ਰਹੀ।

ਇਕ ਵਾਰ ਤਾਂ ਐਸਾ ਸਮਾਂ ਵੀ ਆਇਆ ਕਿ ਬੀਬੀ ਜੀ ਆਪਣੇ ਭਰਤਾਰ ਤੋਂ ਵੀ ਚਾਰ ਰੱਤੀਆਂ ਅਗਾਂਹ ਨਿਕਲ ਗਏ। ਇਹ ਦਿਨ ਚਾਵਲਾ ਪਰਵਾਰ ਵਿਚ ਪ੍ਰਥਮ ਵਿਵਾਹ ਦਾ ਅਵਸਰ ਸੀ। ਸਤਿਗੁਰਾਂ ਹੁਕਮ ਕੀਤਾ ਸੀ ਕਿ ਜੋ ਮਹਿੰਦਰ ਕੌਰ ਆਪਣੀ ਪਸੰਦ ਦੀ ਨੂੰਹ, ਅ-ਨਾਮਧਾਰੀਆਂ ਦੀ ਲੜਕੀ, ਘਰ ਲਿਆਉਣਾ ਚਾਹੁੰਦੀ ਹੈ, ਅੱਵਲ ਤਾਂ ਉਹ ਕੁਛ ਨ ਲਵੇ-ਦਵੇ ਪਰ ਜੇ ਅਤਿ ਹੀ ਜ਼ਰੂਰੀ ਹੋਵੇ ਤਾਂ ਕੇਵਲ ਇਕ ਰੁਪੱਯਾ ਸ਼ਗਨ ਦਾ ਲੈ ਲਏ। ਸ਼ਗਨ ਦਾ ਇਕ ਰੁਪੈਯਾ ਅਗਲੇ ਘਰ 'ਦਾਜ ਲੈਣ ਦੀ ਇੱਛਾ' ਦਾ ਰੂਪ ਧਾਰ ਗਿਆ। ਫਲਾਂ ਦੇ ਟੋਕਰੇ, ਸੋਨਾ ਚਾਂਦੀ ਘਰ ਉਮੜ ਆਇਆ। ਸਤਿਗੁਰੂ ਜੀ ਨੂੰ ਪਤਾ ਲਗਾ ਤਾਂ ਉਹਨਾਂ ਆਪਣੀ ਸੇਵਕਾ ਮਹਿੰਦਰ ਕੌਰ ਤੋਂ ਪੁਸਟਾਂ ਕੀਤੀ। ਮਹਿੰਦਰ ਕੌਰ ਨਿਰਦੋਸ਼ ਸੀ। ਸੇਠ ਜੀ ਨੇ ਵੇਲੇ ਸਿਰ ਦ੍ਰਿੜ੍ਹਤਾ ਨਹੀਂ ਸੀ ਵਖਾਈ। ਬੇਪਰਵਾਹ ਬਾਪ ਦੀ ਕਚਹਿਰੀ ਵਿਚ ਓਦੋਂ ਪਲੋਟਾ ਪਿਆ ਜਦੋਂ ਬਾਬ ਵਿਚ ਸੰਤ ਰਤਨ ਸਿੰਘ ਲਾਂਗਰੀ ਦੇ ਭੋਗ ਤੇ ਦਸਾਰਾਂ ਦਾ ਇਕਠ ਸੀ। ਮਹਿੰਦਰ ਕੌਰ ਜੀ ਆਪਣੇ ਪਤੀ ਨਾਲ ਮੋਢਾ ਜੋੜ ਪਲੋ ਗਏ। ਸਤਿਗੁਰੂ ਜੀ ਬਚਨ ਕੀਤਾ: ਮਹਿੰਦਰ ਕੌਰੇ ਤੂੰ ਕਿਉਂ ?—"ਗਰੀਬ ਨਿਵਾਜ, ਸੇਠ ਜੀ



Sri Satguru Jagjit Singh Ji eLibrary NamdhariElibrary@gmail.com

ਨਾਲ ਮੇਰਾ ਸਭ ਕੁਝ ਸਾਂਝਾ ਹੈ। ਜੇ ਮੈਂ ਉਨ੍ਹਾਂ ਨਾਲ ਮਿਲਕੇ ਆਪ ਜੀ ਦੀਆਂ ਖੁਸ਼ੀਆਂ ਲੈਂਦੀ ਰਹੀ ਹਾਂ ਤਾਂ ਹੁਣ ਨਾਰਾਜ਼ਗੀ ਦੇ ਸਮੇਂ ਕਿਉਂ ਵੱਖ ਖਲੋਵਾਂ। ਸਤਿਗੁਰੂ ਜੀ ਤਾਂ ਬਖਸ਼ਸ਼ ਕਰਨੀ ਹੀ ਸੀ। ਦੁਨੀਆਂ ਨੂੰ ਦਿਖਾ ਦਿਤਾ ਕਿ ਸਤਿਗੁਰੂ ਜੀ ਕਿੰਨੇ ਬੇ-ਲਿਹਾਜ਼ ਹੋ ਸਕਦੇ ਹਨ, ਸੇਵਕ ਕਿਵੇਂ ਆਪਣੀ ਗਲ ਮੰਨਣੀ ਤੋਂ ਰੁਕਦੇ ਨਹੀਂ ਗੁਰ ਮੁਖ ਹੀ ਰਹਿੰਦੇ ਹਨ ਅਤੇ ਪਤਨੀ ਕਿਵੇਂ ਪਤੀ ਦੀ ਸਹੀ ਅਰਧਾਂਗਣੀ ਹੋ ਸਕਦੀ ਹੈ!

ਸੰਗਤ ਦੇ ਜੇਹੇ ਅਜਿਹੀਆਂ ਪਰਖਾਂ ਅਨੇਕਾਂ ਵਿਛੜਿਆਂ ਲਈ ਮਾਰਗ ਦਰਸ਼ਕ ਹੋ ਨਿਬੜਦੀਆਂ ਹਨ।

ਬੀਬੀ ਮਹਿੰਦਰ ਕੌਰ ਜੀ ਨੇ ਸੇਠ ਤ੍ਰਿਲੋਕ ਸਿੰਘ ਜੀ ਦੇ ਪਿਤਾ ਸ੍ਰੀ ਮਾਨ ਸੇਠ ਫੂਲਾ ਸਿੰਘ ਜੀ ਦੀ ਧੀਆਂ ਵਾਂਗ, ਲਗਾਤਾਰ ੧੧ ਵਰ੍ਹੇ ਸੇਵਾ ਕੀਤੀ। ਇਹ ਸੇਠ ਫੂਲਾ ਸਿੰਘ ਜੀ ਦਾ ਮਹਾਨ ਸਿਖੀ ਜੀਵਨ ਹੀ ਸੀ ਜਿਸ ਨੇ ਇਸ ਪਰਵਾਰ ਦੀ ਰੁਚੀ ਸ੍ਰੀ ਸਤਿਗੁਰੂ ਜੀ ਦੇ ਚਰਨਾਂ ਵਲ ਸਿੱਧੀ ਰਖੀ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਚਾਵਲਾ ਪਰਵਾਰ ਦੇ ਗਤ ਨਗਰ, ਕਰੋਲ ਬਾਗ ਨਿਵਾਸ ਵਿਚ ਲੰਮਾ ਸਮਾਂ ਦਰਸ਼ਨ ਦਿੰਦੇ ਰਹੇ, ਓਦੋਂ ਸਤਿਗੁਰੂ ਜੀ ਅਤੇ ਸਾਧ ਸੰਗਤ ਦੀ ਸੇਵਾ ਕਰਦਿਆਂ ਬੀਬੀ ਜੀ ਨੂੰ ਕਦੇ ਅਵੇਰਾਂ ਸਵੇਰਾਂ ਨਾ ਵਿਆਪਦਾ। ਫਿਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸਮਾਂ ਆਇਆ ਤਾਂ ਵੀ ਹਰ ਰੋਜ਼ ਗੁਰੂ ਚਰਨਾਂ ਦੀ ਉਡੀਕ ਰਹਿੰਦੀ। ਕਮਰੇ ਸਾਫ਼ ਕਰਵਾਏ ਜਾਂਦੇ, ਵਸਤਾਂ ਆਪਣੇ ਹਥੀਂ ਝਾੜੀਆਂ ਜਾਂਦੀਆਂ, ਰੰਗਾਂ ਰੰਗ ਦੇ ਫੁੱਲ ਸਜਾਏ ਜਾਂਦੇ, ਖੁਸ਼ਬੂਆਂ ਦੇ ਢੇਰ ਰੁਲਦੇ ਰਹਿੰਦੇ। ਸੇਠ ਤ੍ਰਿਲੋਕ ਸਿੰਘ ਜੀ ਦੇ ਘਰ ਦਾ ਇਹ ਰਿਵਾਜ ਹੈ ਕਿ ਜਦੋਂ ਸਤਿਗੁਰੂ ਜੀ ਕੋਠੀ, ਪਹਿਲੀ ਵਾਰ ਦਰਸ਼ਨ ਦੇਣ, ਸਾਰੇ ਪਰਵਾਰ ਨੇ ਪੁਸ਼ਪ ਹਾਰ ਗਲੇ ਪਹਿਨਾ ਚਰਨਾਂ ਤੇ ਸਿਰ ਧਰ ਮੱਥਾ ਟੇਕਣਾ।

ਬੀਬੀ ਮਹਿੰਦਰ ਕੌਰ ਜੀ ਕੋਠੀ ਦੀ ਸਫ਼ਾਈ ਵਲ ਵਿਸ਼ੇਸ਼ ਧਿਆਨ ਰਖਦੇ, ਰਸੋਈ ਦੀ ਸੁਚਤਾ ਤੇ ਪਵਿਤਰਤਾ ਨਿਰੰਤਰ ਚੈੱਕ ਕੀਤੀ ਜਾਂਦੀ, ਨੂੰਹਾਂ ਪ੍ਰਤੀ ਸਾਵਾਂ ਤੇ ਸੁਖਾਵਾਂ ਵਿਹਾਰ, ਸਾਧ ਸੰਗਤ ਵਲ ਹਲੀਮੀ ਭਰੀ ਪਹੁੰਚ। ਆਪਣੇ ਤੋਂ ਛੋਟੀ ਉਮਰ ਦੀਆਂ ਬੀਬੀਆਂ ਦੇ ਚਰਨੀਂ ਹੱਥ ਆ ਲਾਣਾ, ਬੀਬੀ ਮਹਿੰਦਰ ਕੌਰ ਜੀ ਦੇ ਹਿਸੇ ਹੀ ਆਇਆ ਹੈ।

ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿਚ ਹੀ ਜੀਵਨ ਦੇ ਸਾਰੇ ਸੁਹਰੇ ਅਮਲ ਵਿਚ ਆਉਣੇ। ਮਾਇਆ ਦਾ ਮੋਹ ਨਹੀਂ, ਸਿਖੀ ਦਾ ਪਿਆਰ ਸਰਵੋਪਰ ਰਹਾ। ਚਾਵਲਾ ਪਰਵਾਰ ਬੀਬੀ ਮਹਿੰਦਰ ਕੌਰ ਜੀ ਦੀ ਗੁਰ ਸਿਖੀ ਵਾਲੀ ਸਹੀ ਪਹੁੰਚ ਕਾਰਨ ਹੀ ਗੁਰੂ ਚਰਨਾਂ ਨਾਲ ਪ੍ਰੀਤ ਜੋੜੀ ਲਈ ਆਇਆ ਹੈ। ਨਹੀਂ ਤਾਂ ਅਨੇਕਾਂ ਪਤਨੀਆਂ ਚੰਗੇ ਭਲੇ ਗੁਰ ਸਿਖ ਪਰਵਾਰਾਂ ਨੂੰ ਲਗਾਤਾਰ ਹੀ ਸਿੱਕਤ ਵਿਚ ਫਸਾ ਦਿੰਦੀਆਂ ਹਨ। ਬੀਬੀ ਮਹਿੰਦਰ ਕੌਰ ਜੀ ਜੇ ਚਾਹੁੰਦੇ ਤਾਂ ਥਾਈਲੈਂਡ ਦੇ ਸਿਖਾਂ ਦੀ ਪ੍ਰਥਾ ਅਨੁਸਾਰ ਸੱਤਾਂ ਲੜਕਿਆਂ ਦੁਆਰਾ ਕਰੋੜਾਂ ਦੀ ਰਕਮ ਹਾਸਲ ਕਰ ਸਕਦੇ ਸਨ, ਪਰ ਉਨ੍ਹਾਂ ਨੇ ਗੁਰੂ ਕੇ ਹੁਕਮ ਨੂੰ ਸਿਰ ਮੱਥੇ ਤੇ ਰਖ ਪਦਾਰਥਕ ਤੌਰ ਤੇ ਆਪਣੇ ਤੋਂ ਕਮਜ਼ੋਰ ਪਰਵਾਰਾਂ ਵਿਚ ਬੱਚਿਆਂ ਦੇ ਵਿਆਹ ਕੀਤੇ। ਇਸੇ ਤਰਾਂ ਪਿਆਰੀ ਪੁੱਤਰੀ ਬਾਵੇ ਨੂੰ ਵੀ, ਗੁਰੂ ਕੇ ਹੁਕਮ ਮੁਤਾਬਕ, ਦੂਜੇ ਭਾਈਚਾਰੇ ਵਿਚ ਵਿਆਹਿਆ। ਸੇਠ ਜੀ ਦੀਆਂ ਕੁਲ ਨੂੰਹਾਂ ਅਰੋੜਿਆਂ ਵਿਚੋਂ ਨਾ ਹੋ ਕੇ ਹੋਰ ਸਮਾਜਾਂ ਵਿਚੋਂ ਹਨ।

ਪੁੱਤਰੀ ਬਾਵੇ ਬਾਰੇ ਜ਼ਿਕਰ ਕਰਦਿਆਂ ਇਕ ਦਿਨ ਬੀਬੀ ਮਹਿੰਦਰ ਕੌਰ ਜੀ ਨੇ ਆਖਿਆ: ਸਤਿਗੁਰੂ ਪ੍ਰਤਾਪ ਸਿੰਘ ਜੀ ਸੱਚੇ ਪਾਤਸ਼ਾਹ ਕਿਹਾ ਕਰਦੇ ਸਨ: ਮਕਾਨ ਭਾਵੇਂ ਕਿੰਨਾ ਸ਼ਾਨਦਾਰ ਹੋਵੇ ਪਰ ਉਸ ਵਿਚ ਪਰਨਾਲਾ ਜ਼ਰੂਰ ਹੋਣਾ ਚਾਹੀਦਾ ਹੈ। ਪੁੱਤਰੀ ਘਰ ਵਿਚ ਪਰਨਾਲੇ ਦੀ ਥਾਂ ਹੁੰਦੀ ਹੈ। ਅਰਥਾਤ ਇਸ ਲਈ ਕੁਝ ਨ ਕੁਝ ਦੇਣਾ ਹੀ ਹੁੰਦਾ ਹੈ। ਪਰ ਇਸ ਵਿਚ ਦਾਜ ਲੈਣ ਦੇਣ ਦੀ ਭਾਵਨਾ ਦਾ ਦਖ਼ਲ ਨਹੀਂ।

ਇਸ ਮੌਕੇ ਮੈਨੂੰ ਬੀਬੀ ਮਹਿੰਦਰ ਕੌਰ ਜੀ ਦੀ ਇਕ ਅਧੂਰੀ ਸੱਧਰ ਦਾ ਧਿਆਨ ਆ ਰਿਹਾ ਹੈ। ਇਹ ਚੰਗਾ ਹੀ ਹੋਇਆ ਕਿ ਉਹ ਆਸ਼ਾਵਾਦ ਵਿਚ ਪੂਰੇ ਹੋਏ। ਵਧਾਈਆਂ-ਮੁਬਾਰਕਾਂ ਤੇ ਖੁਸ਼ੀਆਂ ਵੰਡਦੇ ਇਸ ਜਹਾਨ ਤੋਂ ਵਿਦਾ ਹੋਏ ਨਹੀਂ ਤਾਂ ਉਨ੍ਹਾਂ ਨੂੰ ਆਪਣੀਆਂ ਤਿੰਨ ਨੂੰਹਾਂ ਘਰ ਬਾਲ ਬੱਚੇ ਦੀ ਅਣਹੋਂਦ ਅਖਰਦੀ ਰਹਿੰਦੀ ਸੀ। ਉਹਨਾਂ ਦੀ ਇਹ ਅਸੱਜ ਸੱਧਰ ਸੀ ਕਿ ਆਪਣੇ ਸਾਰੇ ਬੱਚਿਆਂ ਦੇ ਘਰੀਂ ਲਾਲ ਖੇਡਦੇ ਦੇਖਦੇ ਜਾਣ। ਇਸਦੇ ਵਾਸਤੇ ਉਹ ਹਰ ਸਿਖ ਸਾਧ ਨੂੰ ਅਰਜ਼ ਕਰਦੇ: ਆਖੋ ਸੱਚੇ ਪਾਤਸ਼ਾਹ ਨੂੰ ਮੈਂ ਨਿਮਾਣੀ ਘਰ ਰਹਿੰਦੇ ਪਰਵਾਰਾਂ ਵਿਚ ਵੀ ਪੋਤਰਿਆਂ ਦੀ ਦਾਤ ਬਖਸ਼ਣ ਉਸਦੇ ਘਰ ਕਾਹਦੀ ਥੁੜ ਹੈ!

ਸੇਠ ਤ੍ਰਿਲੋਕ ਸਿੰਘ ਜੀ ਗਿਆਨੀ ਪੁਰਸ਼ ਹਨ। ਸ੍ਰੀ ਸਤਿਗੁਰੂ ਜੀ ਦੀ ਉਨ੍ਹਾਂ ਤੇ ਮਹਾਨ ਕਿਰਪਾ ਹੈ। ਬੀਬੀ ਮਹਿੰਦਰ ਕੌਰ ਬਿਨਾ ਉਹਨਾਂ, ਪਿਛਲੇ ਛਹੁ ਸਾਲਾਂ ਵਿਚ ਇਕ ਦਿਨ ਵੀ ਨਹੀਂ ਸੀ ਬਿਤਾਇਆ। ਉਹ ਸਿਆਣਾ ਸਾਥੀ, ਸੁਘੜ ਸਲਾਹਕਾਰ ਅਤੇ ਇਹਨਾਂ ਦੀ ਸੰਤਾਨ ਦੀ ਉਤਮ ਮਾਤਾ ਸਨ। ਹੁਣ ਅਗਲੀ ਜੀਵਨ ਯਾਤਰਾ ਵਿਚ ਉਹਨਾਂ ਇਕੱਲਿਆਂ ਹੀ ਤੁਰਨਾ ਹੈ। ਉਹ ਕਦੀਆਂ ਯਾਦਾਂ ਤੇ ਮਨ ਨੂੰ ਵਿਰਚਾਵਣਗੇ ਪਰ ਸਾਥ ਦੀ ਇਕੱਲ ਵੱਢ ਵੱਢ ਖਾਵੇਗੀ। ਅਜਿਹੇ ਸਮੇਂ ਵਿਚ ਸਾਡੀ ਸਹਾਇਤਾ ਕਰਨ ਵਾਲੇ ਕੇਵਲ ਗੁਰੂ ਕੇ ਚਰਨ ਹੁੰਦੇ ਹਨ। ਉਹਨਾਂ ਦਾ ਧਿਆਨ ਹੀ ਕਲਿਆਣਕਾਰੀ ਹੁੰਦਾ ਹੈ।

ਸਾਨੂੰ ਵਿਸ਼ਵਾਸ ਹੈ ਸੇਠ ਤ੍ਰਿਲੋਕ ਸਿੰਘ ਜੀ ਦੀਆਂ



Sri Satguru Jagjit Singh Ji eLibrary NamdhariElibrary@gmail.com

ਨੂੰਹਾਂ ਅਤੇ ਸਪੁੱਤਰ, ਸਪੁੱਤਰੀ ਅਤੇ ਦਾਮਾਦ ਅਪਣੇ ਪਿਆਰ ਸਨੇਹ ਨਾਲ ਉਹ ਖਲਾਅ ਪੂਰੀ ਕਰਨਗੇ ਜੋ ਸ੍ਰੀ ਹਰੀ ਪ੍ਰਤਾਪ ਨਿਵਾਸ ਦੀ ਮਹਾਨ ਸੇਵਕਾ ਪੈਦਾ ਕਰ ਗਈ ਹੈ।

ਬੀਬੀ ਮਹਿੰਦਰ ਕੌਰ ਜੀ ਦੇ ਸਦੀਵੀ ਵਿਛੋੜੇ ਨਾਲ ਚਾਵਲਾ ਪਰਵਾਰ ਦੇ ਇਕ ਯੁਗ ਦੀ ਸਮਾਪਤੀ ਹੋ ਗਈ ਹੈ।

ਬੀਬੀ ਮਹਿੰਦਰ ਕੌਰ ਜੀ ਸੇਠਣੀ ਤਾਰਿਆਂ ਦੇ ਆਸਮਾਨ ਵਿਚ ਜਾ ਬਿਰਾਜੇ ਹਨ ਅਤੇ ਉਨ੍ਹਾਂ ਦੀਆਂ ਸੂਖਮ ਕਿਰਣਾਂ ਘਰ ਪਰਵਾਰ ਦਾ ਅਵਿਲੋਕਨ ਕਰਿਆ ਕਰਨਗੀਆਂ। ਸੇਠਣੀ ਚਾਵਲਾ ਸੰਤ ਖਜਾਨ ਸਿੰਘ ਇਨਸਾਫ਼ ਦੇ ਪਰਵਾਰ ਗਲਿਆਰੇ ਵਿਚੋਂ ਨਿੱਖਰ ਸੰਤ ਫੂਲਾ ਸਿੰਘ ਜੀ ਦੇ ਚਮਨ ਦੀ ਸੋਭਾ ਬਣੇ ਸਨ ਅਤੇ ਇਹ ਏਨੀ ਭਾਗਸ਼ਾਲਨੀ ਇਸਤਰੀ ਸਨ ਕਿ ਜਿਉਂ ਜਿਉਂ ਜ਼ਿੰਦਗੀ ਦੇ ਵਿਸ਼ਾਲ ਵਿਹੜੇ ਵਿਚ ਕਦਮ ਵਧਾਂਦੇ ਗਏ, ਇਹਨਾਂ ਦੇ ਜੀਵਨ ਸਾਥੀ ਸੇਠ ਤ੍ਰਿਲੋਕ ਸਿੰਘ ਦੀ ਦੁਨੀਆਂ ਵਿਚ ਰੌਣਕ ਵੱਧ ਤੋਂ ਵਧੇਰੀ ਹੁੰਦੀ ਚਲੀ ਗਈ।

ਬੀਬੀ ਜੀ ੬੦ ਸਾਲ ੪ ਮਹੀਨੇ ਦੀ ਸੰਸਾਰ ਯਾਤਰਾ ਕਰਕੇ ਸਾਥੋਂ ਅਤੇ ਪਰਵਾਰ ਤੋਂ ਅਛੋਪਲੇ ਵਿਦਾ ਹੋ ਗਏ। ਉਹ ਤਾਂ ਇੰਜ ਤੁਰ ਗਏ ਜਿਵੇਂ ਕੁਝ ਹੋਇਆ ਵੀ ਨਹੀਂ ਹੁੰਦਾ ਪਰ ਸਾਡੇ ਮਿਤਰ ਪਿਆਰੇ ਸੇਠ ਤ੍ਰਿਲੋਕ ਸਿੰਘ ਜੀ ਦੀਆਂ ਆਸ਼ਾਵਾਂ ਦੀਆਂ ਸਾਰੀਆਂ ਕਰੂੰਬਲਾਂ ਇਕਦਮ ਕੁਮਲਾ ਗਈਆਂ। ਅਜ ਸਵਰਗਵਾਸ ਹੋਇਆਂ ੨ ਸਾਲ ਹੋ ਗਏ ਹਨ ਪਰ ਇਉਂ ਲਗਦਾ ਹੈ ਜਿਵੇਂ ਬੀਬੀ ਮਹਿੰਦਰ ਕੌਰ ਜੀ ਨੂੰ ਹੁਣੇ ਹੀ ਅਗਨ ਭੇਟ ਕਰਕੇ ਆ ਰਹੇ ਹੋਵੀਏ। ਸੇਠ ਚਾਵਲਾ ਦਾ ਜੀਵਨ ਪੰਧ ਸਾਰੀ ਦੁਨੀਆਂ ਤੇ ਘਰ ਪਰਵਾਰ ਦੀ ਭਰਪੂਰਤਾ ਵਿਚ ਵੀ ਉਦਾਸ ਉਦਾਸ ਹੋ ਗਿਆ ਹੈ।

ਮਾਇਆ ਧਾਰੀਆਂ ਦੀਆਂ ਪਰਵਾਰੀ ਧਾਰਾਵਾਂ ਵਲ ਵੇਖੀਏ ਤਾਂ ਇਕ ਨੂੰ ਇਕ ਕਰੇਂਦੀਆਂ ਹਨ, ਪਰ ਉਹ ਅੰਨ੍ਹੀਆਂ ਝੱਲੀਆਂ ਹਨ ਜੋ ਗੁਰੂ ਚਰਨਾਂ ਨਾਲ ਪ੍ਰੇਮ ਨਹੀਂ। ਗੁਰ ਸਿਖੀ ਪਰੰਪਰਾਂ ਦੇ ਸਦਕੇ ਵਰਤਮਾਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਸੇਠ ਤ੍ਰਿਲੋਕ ਸਿੰਘ ਪਰਵਾਰ ਦਾ ਸਨੇਹ ਸਤਿਕਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦੀ ਪ੍ਰੀਤ ਤੋਂ ਇਕ ਰਸ ਚਲਿਆ ਆ ਰਿਹਾ ਸਗੋਂ ਦੂਣ ਸਵਾਇਆ ਹੁੰਦਾ ਆਇਆ ਹੈ। ਜਿਹੜੀ ਸਾਂਝ ਸੇਠ ਸੰਤ ਫੂਲਾ ਸਿੰਘ ਜੀ ਨੇ ਅਪੱਕੇ ਸਤਿਗੁਰਾਂ ਦੇ ਦਾਦਾ ਜੀ ਦੇ ਚਰਨਾਂ ਨਾਲ ਪਾਈ ਸੀ ਉਹ ਇਕ ਰਸ ਵਧਦੀ ਫੁਲਦੀ ਆ ਰਹੀ ਹੈ।

ਇਸ ਪ੍ਰੀਤੀ ਦੀ ਮੂਲ ਸੂਤ ਬੀਬੀ ਮਹਿੰਦਰ ਕੌਰ ਜੀ ਨੇ ਜਿਉਂ ਦੀ ਤਿਉਂ ਰਖੀ ਹੈ। ਸਤਿਗੁਰੂ ਸਨੇਹ ਨਾਲ ਰਹੁੰਦੇ ਰਹਿੰਦਿਆਂ ਸਾਧ ਸੰਗਤ ਵਿਚੋਂ ਅਦਨੇ ਤੋਂ ਅਦਨੇ ਸਿਖ ਨੂੰ ਵੀ ਆਦਰ ਯੋਗ ਸਮਝ ਸਿਰ ਤੇ ਬੈਠਾਇਆ। ਨਿਰਮਾਣਤਾ ਦੇ ਇਸ ਪੁੰਜ ਨੇ ਪ੍ਰਤਿਸ਼ਟਾ ਨੂੰ ਇਕ ਪਲ ਲਈ ਵੀ ਪਰੇਖਿਆਂ ਨਹੀਂ ਕੀਤਾ। ਖਾਨਦਾਨੀ ਮਾਨ ਮਰਯਾਦਾ ਨੂੰ ਕਾਇਮ ਰਖਦਿਆਂ ਹਰ ਆਏ ਵਿਅਕਤੀ ਨੂੰ ਸੇਵਾ ਸਤਿਕਾਰ ਤੇ ਸਹਾਇਤਾ ਨਾਲ ਸੰਤੁਸ਼ਟ ਕੀਤਾ।

ਕੋਈ ਵਿਰਲੀ ਰੂਹ ਹੀ ਐਸੀ ਭਾਗਵਾਨ ਹੁੰਦੀ ਹੈ ਕਿ ਜਿਸਦੇ ਤੁਰੇ ਜਾਣ ਨੂੰ ਜਹਾਨ ਸੁੰਨਾ ਸੁੰਨਾ ਲਗਣ ਲਗ ਪਵੇ।

**ਬੀਬੀ ਜੀ ਦੀ ਭਾਵਨਾ ਨੂੰ ਸੇਠ ਜੀ ਵਲੋਂ ਸ਼ਰਧਾ**

ਜਿਵੇਂ ਹਰਿਗੋਬਿੰਦ ਸੁਲੱਖਣੀ ਨੂੰ ਸੀ
ਏਕੋ ਤੋਂ ਸਾਤਾ ਖਣਾ ਦਿਤਾ
ਤਿਵੇਂ ਸਤਿਗੁਰੂ ਹਰੀ ਪ੍ਰਤਾਪ ਜੀ ਨੇ ਮੈਨੂੰ
ਸਿਫਰ ਤੋਂ ਆਠਾ ਖਣਾ ਦਿਤਾ
ਮੈਂ ਤਾਂ ਆਖਦੀ ਆਪਣੇ ਬੱਚਿਆਂ ਨੂੰ
ਪੁੱਤ ਮੇਰੇ ਜੇ ਤੁਸੀਂ ਅਖਵਾਵਣਾ ਜੇ।
ਫਲ ਰਖਣਾ ਗੁਰੂ ਜਗਜੀਤ ਜੀ ਦਾ
ਜੱਸ ਗੁਰੂ ਪ੍ਰਤਾਪ ਦਾ ਗਾਵਣਾ ਜੇ।





Sri Satguru Jagjit Singh Ji eLibrary NamdhariElibrary@gmail.com

# ਬੀਤੇ ਦੀਆਂ ਪੈੜਾਂ ਚੋਂ
# ਬੀਬੀ ਮਹਿੰਦਰ ਕੌਰ

ਅੰਤ ਮੈਂ ਇਕ ਮੌਕਾ ਅਜਿਹਾ ਲੱਭ ਲਿਆ ਜਦੋਂ ਗੁਰੂ ਦੇ ਆਰਾਮ ਕਮਰੇ ਵਿਚ ਇਕੱਲਿਆਂ ਹੀ ਜਾ ਸਕਿਆ।

ਇਹ ਕਮਰਾ ਬੜੇ ਚਾਉ ਨਾਲ ਵੇਖਿਆ। ਰਕਬਾ ੧੮ × ੧੦ ਫੁੱਟ ਹੋਵੇਗਾ। ਇਸ ਵਿਚ ਇਕੋ ਚਾਰਪਾਈ ਹੈ ਜਿਸ ਉਤੇ ਸਫ਼ੈਦ ਖੱਦਰ ਵਿਛਿਆ ਹੋਇਆ ਹੈ। ਰਜਾਈ ਪਲੰਘ ਦੀ ਬਾਂਹ ਰੱਖੀ ਹੋਈ। ਸਰ੍ਹਾਣੇ ਵਾਲੇ ਪਾਸੇ ਲਾਲ ਪਰਦਿਆਂ ਪਿਛੇ ਇਕ ਕੂਲਰ। ਪੁਆਂਦੀ ੧ × ੩ ਦਾ ਮੂੜ੍ਹਾ। ਦੂਜੀ ਦੀਵਾਰ ਤੇ ਟੰਗਣੀ ਜਿਸ ਤੇ ਇਕ ਅਚਕਨ ਲਟਕ ਰਹੀ ਹੈ। ਪੁਆਂਦੀ ਵੱਲ ਹੀ ਗੁਸਲਖਾਨੇ ਗੁਸਲ ਵਾਸਤੇ ਦਰ ਖੁਲ੍ਹਦਾ ਹੈ। ਇਕ ਪਾਸਾ ਬੈਠਕ-ਕਮਰੇ ਵਲ ਹੈ। ਫਰਸ਼ ਤੇ ਹਰੇ ਰੰਗ ਦਾ ਗਲੀਚਾ। ਬੈਠਕ ਕਮਰੇ ਦੀ ਦੀਵਾਰ ਵਲੋਂ ਇਸਦੇ ਅੰਦਰੋਂ ਉਪਰ ਨੂੰ ਪੌੜੀਆਂ ਚੜ੍ਹਦੀਆਂ ਹਨ। ਉਪਰ ਸਟੋਰ ਹੈ ਜਿਥੇ ਨਿਜੀ ਸੇਵਕ ਲੋੜੀਂਦਾ ਸਾਮਾਨ ਰਖਦੇ ਹਨ। ਪੁਆਂਦੀ ਵੱਲੋਂ ਇਕ ਵਧੀਆ ਛੋਟੀ ਤਿਪਾਈ, ਸਰ੍ਹਾਣੇ ਦੇ ਕੋਲ ਚਾਰ ਬਾਹੀ ਨਾਲ ਸੁਨਹਿਰੀ ਕਪੜੇ ਨਾਲ ਢਕੀ ਇਕ ਤਿਕੋਣੀ ਤਿਪਾਈ ਜਿਸ ਉਤੇ ਥੁੱਕ ਆਦਿ ਸੁਟਣ ਲਈ ਸਟੀਲ ਗੜਵੀ। ਇਕ ਛੋਟੀ ਪਲੇਟ ਵਿਚ ਮਿਸਰੀ ਦੀਆਂ ਡਲੀਆਂ। ਛੋਟੀਆਂ ਛੋਟੀਆਂ ਟੁਕੜੀਆਂ ਇਕ ਪਲਾਸਟਿਕ ਡੱਬੇ ਵਿਚ ਕਿਸ਼ਮਿਸ਼, ਕਾਜੂ, ਚਿਉਂਸੇ, ਛੋਟੀ ਇਲਾਇਚੀ, ਪਿਸਤਾ ਅਤੇ ਬਾਦਾਮ। ਨਾਲ ਕਰਕੇ ਇਕ ਨਿਕੱਜਾ ਜਿਹੇ ਗਮਲੇ ਵਿਚ ਗੁਲਾਬੀ ਫੁਲ। ਮੰਜੇ ਦੇ ਸਾਹਵੇਂ ਇਕ ਸੁਨਹਿਰੀ ਕਪੜੇ ਨਾਲ ਢਕੀ ਕੁਰਸੀ। ਮੰਜੇ ਉਤੇ ਬੈਠਿਆਂ ਚਰਨਾਂ ਹੇਠ ਰਖਣ ਲਈ ਵੀ ਇਕ ਸਦਾ ਫੁਟ ਚੁਕਾਈ ਤੇ ਢਾਈ ਫੁਟ ਲੰਬਾਈ ਵਾਲਾ ਸੁਨਹਿਰੀ ਕਪੜੇ ਦਾ ਵਿਛਿਆ ਹੋਇਆ ਟੁਕੜਾ। ਦੋ ਸਲੀਪਰਾਂ ਦੇ ਜੋੜੇ। ਪੌੜੀਆਂ ਹੇਠ ਇਕ ਤਿਪਾਈ-ਨੁਮਾ ਡੈਸਕ ਜਿਸ ਉਤੇ ਲਾਲ ਸੁਨਹਿਰੀ ਵਿਛਾਈ। ਉਪਰ ਮਾਲਾ, ਗੁਟਕਾ, ਨੋਟ-ਸਫ਼ਿੱਪਾਂ, ਅਨੇਕ ਤੇ ਕੰਨਾਂ ਵਿਚ ਫੇਰਨ ਵਾਲੀਆਂ ਰੂੰ-ਸਲਾਈਆਂ ਦੀ ਡੱਬੀ।

ਇਸ ਪਰਕਾਰ ਦੀ ਇਸ ਕਮਰੇ ਦੀ ਰਿਆਸੀ ਸੇਠ ਤ੍ਰਿਲੋਕ ਸਿੰਘ ਦੀ ਸੁਪਤਨੀ ਬੀਬੀ ਮਹਿੰਦਰ ਕੌਰ ਅਪਟੂਡੇਟ ਰਖਦੀ ਹੈ। ਸਤਿਗੁਰੂ ਜੀ ਨੇ ਜਦੋਂ ਖਿਆਨਣਾ ਜਾਂ ਆਰਾਮ ਕਰਨਾ ਹੁੰਦਾ ਹੈ ਤਾਂ ਕੋਠੀ ਦੇ ਇਸੇ ਲਹਿੰਦੇ-ਦਖਣੀ ਕਮਰੇ ਵਿਚ ਪਰਵੇਸ਼ ਕਰਦੇ ਹਨ।

**ਪੂਸਾ ਰੋਡ ਵਿਖੇ**

ਮੈਂ ੧੦ ਵਜੇ ਕੋਠੀ ਪਹੁੰਚਿਆ ਹਾਂ। ਸਤਿਗੁਰੂ ਜੀ ਅਜੇ ਤਕ ਨਹੀਂ ਆਏ। ਲੰਗਰ ਵਲ ਝਾਤ ਮਾਰੀ ਤਾਂ ਬੀਬੀ ਸੁਰਜੀਤ ਕੌਰ, ਇਨਦੀ ਸੱਸ ਬੀਬੀ ਇੰਦਰ ਕੌਰ, ਪ੍ਰੀਤਮ ਕੌਰ, ਕਿਰਪਾਲ ਕੌਰ, ਅਤੇ ਬੀਬੀ ਹਰਬੰਸ ਕੌਰ ਸੰਗਤਪਾਲੀ ਵਾਸਤੇ ਜੁੱਟੀਆਂ ਹੋਈਆਂ ਹਨ, ਸਬਜ਼ੀਆਂ ਦਾਲਾਂ ਤਿਆਰ ਹੋ ਰਹੀਆਂ ਹਨ। ਕੋਲ ਕੋਠੀ ੧੧/੧੦ ਪੂਸਾ ਰੋਡ ਦੀ ਮਾਲਕਣ ਬੀਬੀ ਮਹਿੰਦਰ ਕੌਰ ਸਤਿਗੁਰੂ ਪ੍ਰੇਮ ਵਿਚ ਰੰਗੀ, ਹੋਰ ਸਬਜ਼ੀਆਂ ਛੌਂਕ-ਛਿਣਦਾ ਰਹੀ ਹੈ। ਮੈਨੂੰ ਵੇਖਦਿਆਂ ਹੀ ਉਸ ਨੇ ਟੋਕ ਲਈ: ਮੈਂ ਦਸਤੇ ਕਰਦੀ ਸਾਫ ਰਾਮ ਘਰ ਆਵਣਗੇ ਮੇਰੇ।

ਪ-੭ ਮਹੀਨ ਹੋਰ ਵੀ ਉਡੀਕਦੇ ਨਜ਼ਰ ਪਏ।

ਮੈਂ ਸਿੱਧਾ ਹੀ ਸਤਿਗੁਰੂ ਜੀ ਦੇ ਬੈਠਕ ਕਮਰੇ ਵਿਚ ਆ ਪਹੁੰਚਾ ਹਾਂ: ਸਾਫ ਸੁਥਰਾ—ਫਰਸ਼ ਤੇ ਕਾਲੀਨ ਬਦਾਮੀ ਰੰਗ ਦਾ ਫੁਲਦਾਰ ਖਿਲਰਿਆ ਫਿਰ-ਮੂਰਤੀ ਛਪੇ ਘਮਤਰ ਨਾਲ ਢਕਿਆ ਹੋਇਆ ਸਰ੍ਹਾਣੇ ਦੇ ਪਾਸ ਸੁਨਹਿਰੀ ਕਪੜੇ ਨਾਲ ਢਕੀ ਤਿਪਾਈ ਉਤੇ ਸਟੀਲ ਗੜਵੀ ਅਤੇ ਗੁਲਾਬ ਦੇ ਫੁਲ ਤਾਜ਼ੇ ਤਾਜ਼ੇ। ਮੰਜੇ ਦੀਆਂ ਹੀਆਂ ਹੇਠ ਛੋਟੀ ਜਿਹੀ ਸੁਨਹਿਰੀ ਵਿਛਾਈ ਉਤੇ ਦੋ ਜੋੜੇ ਸਲੀਪਰ—ਇਕ ਪੀਲੇ ਰੰਗ ਦਾ ਡਿਜ਼ਾਇਨਦਾਰ, ਦੂਜਾ ਐਸਾ ਹੀ ਪਰ ਕੱਕਾ-ਕੱਲਾ ਰੰਗ ਦਾ। ਸਲੀਪਰਾਂ ਸਾਹਮਣੇ ਵੀ ਤ ਗੁਲਾਬ ਦੇ ਫੁਲ।

ਸਤਿਗੁਰੂ ਜੀ ਦੇ ਮੰਜੇ ਦੇ ਸਰ੍ਹਾਣੇ ਵਾਲੇ ਪਾਸੇ ਦੀਵਾਰ ਨਾਲ ੭ ਸੌਂਫੇ ਸੁਨਹਿਰੀ ਬਸਤਰਾਂ ਨਾਲ ਢਕੇ ਹੋਏ। ਬਤੀਆਂ ਜਲਦੀਆਂ ਧੀਮੇ ਧੀਮੇ ਧੀਮੇ ਚਲਦੇ ਇਕ ਪਿਆਰੀ ਜਿਹੀ ਸੁਗੰਧੀ। ਸਤਿਗੁਰੂ ਜੀ ਨਾਲ ਸੰਬੰਧਤ ਕਮਰਿਆਂ ਵਿਚ ਸੇਠਣੀ ਮਹਿੰਦਰ ਕੌਰ ਨੇ ਆਪਣੀਆਂ ਰੀਝਾਂ ਉਡੇਲ ਛਡੀਆਂ ਹਨ।

ਪ: ਸ: ਕਵੀ ਲਿਖਤ, ਵਰਿਆਮ ਵਿਚ ਛਪੀਆਂ ਬੀਤੇ ਦੀਆਂ ਪੈੜਾਂ ਵਿਚੋਂ

---

**ਰੁਬਾਈ**

ਮਹਿੰਦਰ ਕੌਰ ਜੀ ਸਾਰੀ ਜੀਵਨ ਵਿਚ ਸੇਵਾ ਨਿਭਾਇਆ।
ਨਰੇਸ਼ ਹੋ ਨਿਰਮਾਨਤਾ ਰਖਕੇ ਸੇਵਕ ਬਣ ਦਿਖਲਾਇਆ।
ਮਿਠੀ ਸੁਗੰਧੀ ਸੇਵਾ ਵਾਲੀ ਆਪ ਦੇ ਜੀਵਨ ਵਿਚੋਂ:
ਸੇਵਾ ਇਕ ਮਿਸਾਲ ਬਣਾਕੇ ਜੀਵਨ ਪੰਧ ਮੁਕਾਇਆ।
— ਮਹਿੰਦਰ ਸਿੰਘ "ਪ੍ਰੀਤ"


Sri Satguru Jagjit Singh Ji eLibrary NamdhariElibrary@gmail.com

# ਬੀਬੀ ਮਹਿੰਦਰ ਕੌਰ ਜੀ ਦੀ ਪਹਿਲੀ ਬਰਸੀ ਸਮੇਂ ਅਭੁਲ ਯਾਦ

—ਸੇਠ ਤਰਲੋਕ ਸਿੰਘ



ਮਹਿੰਦਰ ਕੌਰ ਦਾ ਜਨਮ ਸੇਠ ਖਜ਼ਾਨ ਸਿੰਘ ਜੀ ਇਲਾਕਾ ਅਤੇ ਮਾਤਾ ਮਹੰਤ ਕੌਰ ਜੀ ਦੇ ਗ੍ਰਹਿ ਵਿਖੇ ੧੫-੪-੧੯੨੫ ਨੂੰ ਹੋਇਆ। ਮੇਰੇ ਨਾਲ ਇਨਾਂ ਦਾ ਅਨੰਦ ੧੩-੪-੧੯੩੯ ਨੂੰ ਹੋਇਆ। ਇਨਾਂ ਦਾ ਜਨਮ ਇਕ ਗੁਰ ਸਿਖ ਘਰਾਣੇ ਵਿਚ ਹੋਇਆ, ਪਰ ਇਸ ਘਰ ਆਕੇ ਪਿਤਾ ਜੀ, ਸੰਤ ਫੂਲਾ ਸਿੰਘ ਜੀ ਦੀ ਚਰਨ ਛੋਹ ਇਸ ਨੂੰ ਸੋਨੇ ਤੇ ਸੁਹਾਗੇ ਵਾਂਗ ਲਗੀ।

ਸੰਨ ੧੯੪੭ ਵਿਚ ਅਸੀਂ ਰੁੜਦੇ ਭਾਰਤ ਆਏ। ਪਿਤਾ ਜੀ ਨਾਲ ਸਨ। ਉਨਾਂ ਦੀ ਸਿਖਿਆ ਨੇ ਮਹਿੰਦਰ ਕੌਰ ਸੱਚੀ ਸੁੱਚੀ ਦੇਵੀ ਬਣਾ ਦਿਤਾ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਉਪਮਾਂ ਪਿਤਾ ਜੀ ਨੇ ਕਰਨੀ, ਅਤੇ ਮਹਿੰਦਰ ਕੌਰ ਨੂੰ ਕਹਿਣਾ ਕਿ ਤੂੰ ਚਿੰਤਾ ਨਾ ਕਰ, ਸਤਿਗੁਰੂ ਜੀ ਜ਼ਰੂਰ ਕਿਰਪਾ ਕਰਨਗੇ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਭੀ ਪਿਤਾ ਜੀ ਨੂੰ ਬਹੁਤ ਪਿਆਰ ਕਰਦੇ ਸਨ। ਕਈ ਵਾਰੀ ਬਚਨ ਕਰਨਾ, ਕਿ ਮੈਂ ਸੰਤ ਫੂਲਾ ਸਿੰਘ ਜੀ ਨਾਲੋਂ ਉਮਰ ਵਿਚ ਕਿਤਨਾਂ ਛੋਟਾ ਹਾਂ, ਕਿ ਮੈਨੂੰ ਯਾਦ ਹੈ ਕਿ ਛੋਟੇ ਹੁੰਦਿਆਂ ਸ੍ਰੀ ਸਤਿ ਗੁਰੂ ਹਰੀ ਸਿੰਘ ਜੀ ਦੇ ਨਾਲ ਏਹਨਾਂ ਦੇ ਪਿੰਡ ਗਿਆ ਸਾਂ। ਓਦੋਂ ਹੋਲੀਆਂ ਦੇ ਦਿਨ ਸਨ ਅਤੇ ਇਨ੍ਹਾਂ ਦੇ ਲੀੜੇ ਰੰਗ ਨਾਲ ਭਰੇ ਹੋਏ ਸਨ। ਪਿਤਾ ਜੀ ਕਹਿਣਾ, ਮੈਨੂੰ ਯਾਦ ਹੈ ਆਪ ਜੀ ਨੂੰ ਸਿੰਘ ਚੁੱਕੀ ਫਿਰਦੇ ਹੁੰਦੇ ਸਨ। ਅਸੀ ਏਹ ਬਚਨ ਸੁਣਕੇ ਖੁਸ਼ੀ ਨਾਲ ਫੁਲਿਆ ਨਾ ਸਮਾਣਾ। ਸਮਾਂ ਲੰਘਦਾ ਗਿਆ। ਅਕਤੂਬਰ ੧੯੪੯ ਆ ਗਿਆ, ਕੁਝ ਆਸ ਨਾਂ ਬਣੀ। ਪਰ ਪਿਤਾ ਜੀ ਹੌਸਲਾ ਦੇਣਾਂ ਕਿ ਸ੍ਰੀ ਸਤਿਗੁਰੂ ਜੀ ਹੁਕਮ ਕੀਤਾ ਹੈ, ਇਕ ਸਾਲ ਵਾਸਤੇ ਸਬਰ ਰਖੋ ਨਿਰਾਸ਼ ਨਾਂ ਹੋਵੋ, ਬੱਚੇ ਜ਼ਰੂਰ ਹੋਣਗੇ।

ਮਹਿੰਦਰ ਕੌਰ ਨੇ ਸਾਧੂਆਂ ਦੀ ਸੇਵਾ ਕਰਨ ਵਾਸਤੇ ਹੀ ਜਨਮ ਲਿਆ ਸੀ। ਬਚਪਨ ਵਿਚ ਮਾਪਿਆਂ ਪਾਸੋਂ ਭੀ ਸਿਖਿਆ ਮਿਲੀ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਤੇ ਸਦਾ ਭਰੋਸਾ ਰਖਣਾ। ਇਸ ਦੇ ਪਿਤਾ ਸੰਤ ਖਜ਼ਾਨ ਸਿੰਘ ਜੀ ਇਨਸਾਫ਼ ਅਪਣੇ ਸਮੇਂ ਨਾਮਧਾਰੀ ਪੰਥ ਵਿਚ ਪ੍ਰਸਿੱਧ ਵਿਅਕਤੀ ਸਨ। ਸਾਹਿਤਕ ਰੁਚੀਆਂ ਭੀ ਰਖਦੇ ਸਨ। ਇਹਨਾਂ ਦੀਆਂ ਕਵਿਤਾਵਾਂ ਅਤੇ ਲੇਖ 'ਸਤਿਯੁਗ' ਵਿਚ ਛਪਦੇ ਰਹੇ ਹਨ। ਮਾਤਾ ਮਹੰਤ ਕੌਰ ਜੀ ਨਾਮ ਜਪਣ ਵਾਲੇ ਸਨ, ਅਤੇ ਅਪਣੀ ਬੱਚੀ ਨੂੰ ਇਹੋ ਸਿਖਿਆ ਦਿਤੀ, ਕਿ ਅਨੰਦ ਕਾਰਜ ਤੋਂ ਬਾਦ ਤੇਰੇ ਪਿਤਾ ਦੀ ਜਗ੍ਹਾ ਸੰਤ ਫੂਲਾ ਸਿੰਘ ਜੀ ਅਤੇ ਮੇਰੀ ਜਗ੍ਹਾ ਮਾਤਾ ਦਿਆਲ ਕੌਰ ਜੀ ਹਨ। ਇਹ ਸਿਖਿਆ ਮਹਿੰਦਰ ਕੌਰ ਨੇ ਮਨ ਵਿਚ ਪੂਰੀ ਤਰ੍ਹਾਂ ਧਾਰਨ ਕਰ ਲਈ ਅਤੇ ਜੀਵਨ ਭਰ ਇਸ ਤੇ ਅਮਲ ਕੀਤਾ।

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਦਰਸ਼ਨ ਸਾਡੇ ਘਰ ਹੁੰਦੇ ਰਹਿਣਾ, ਇਸ ਤੋਂ ਹੋਰ ਪਿਆਰ ਪੈ ਗਿਆ। ਬਹੁਤ ਵਾਰੀ ਸ੍ਰੀ ਜੀਵਨ ਨਗਰ ਜਾਂਦੇ। ਜੋ ਸੜਕਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬਣਵਾ ਦਿਤੀਆਂ ਹਨ, ਓਦੋਂ ਏਹ ਨਹੀਂ ਸਨ। ਓਦੋਂ ਕਚੇ ਰਸਤੇ ਅਤੇ ਘੱਟਾ ਮਿੱਟੀ ਬਹੁਤ ਸੀ।

ਸ੍ਰੀ ਸਤਿਗੁਰੂ ਜੀ ਸ਼ਨਿਚਰ ਵਾਰ ਦਿੱਲੀ ਪਹੁੰਚ ਜਾਣਾ, ਅਤੇ ਮੰਗਲਵਾਰ ਵਾਪਸ ਆ ਜਾਣਾ। ਜੋ ਸੇਵਾ ਮਹਿੰਦਰ ਕੌਰ ਨੇ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਤੇ ਉਹਨਾਂ ਤੋਂ ਬਾਦ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਕੀਤੀ ਹੈ, ਉਹ ਮੇਰੇ ਨਾਲੋਂ ਅਗੇ ਲੰਘ ਗਈ ਸੀ।

ਸਮਾਂ ਪਾਕੇ ਸ੍ਰੀ ਸਤਿਗੁਰੂ ਜੀ ਦੀ ਬਖਸ਼ੀਸ਼ ਨਾਲ ਬਖਸ਼ੀਸ਼ ਸਿੰਘ ਦਾ ਜਨਮ ੩੦-੧੦-੧੯੫੦ ਨੂੰ ਹੋਇਆ, ਸ਼ਰਧਾ ਤਾਂ ਪਹਿਲਾਂ ਹੀ ਬਹੁਤ ਸੀ ਪਰ ਇਸ ਤੋਂ ਬਾਦ ਮਹਿੰਦਰ ਕੌਰ ਸੁਆਸ ਸੁਆਸ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਗੁਣ ਗਾਉਣ ਲਗੀ।

ਸ੍ਰੀ ਸਤਿਗੁਰੂ ਜੀ ਜਦੋਂ ਦੇਹਲੀ ਜਾਂਦੇ, ਤਾਂ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਸਥਾਨ ਦੀ ਸਫ਼ਾਈ ਮਹਿੰਦਰ ਕੌਰ ਆਪ ਕਰਦੀ। ਗੁਸਲਖਾਨੇ ਸਾਫ ਕਰਨੇ, ਫਰਸ਼ ਧੋਣੇ ਬਿਸਤਰੇ ਵਾਸਤੇ ਵਿਛਾਉਣੇ ਆਦਿ ਸਭ ਸੇਵਾ ਅਪਣੀ ਹਥੀਂ ਕਰਦੀ।



Sri Satguru Jagjit Singh Ji eLibrary NamdhariElibrary@gmail.com

ਸ੍ਰੀ ਸਤਿਗੁਰੂ ਜੀ ਨੇ ਕਈ ਵਾਰੀ ਪ੍ਰਸੰਨ ਹੋਕੇ ਭਾਈ ਵਜ਼ੀਰ ਸਿੰਘ ਜੀ ਨੂੰ ਮਹਿੰਦਰ ਕੌਰ ਵਲ ਸੰਕੇਤ ਕਰਕੇ ਕਹਿਣਾ ਕਿ ਭਾਈ ਸਫ਼ਾਈ ਦਾ ਮਹਿਕਮਾ ਆ ਗਿਆ ਹੈ। ਤੜਕੇ ਆਸਾ ਦੀ ਵਾਰ ਵਿਚ ਜਾਣ ਵੇਲੇ ਸਤਿਗੁਰੂ ਜੀ ਬਚਨ ਨਹੀਂ ਸੀ ਕਰਦੇ ਹੁੰਦੇ, ਮਹਿੰਦਰ ਕੌਰ ਨੂੰ ਸਫਾਈ ਕਰਦੀ ਨੂੰ ਵੇਖਕੇ ਖੁਸ਼ੀਆਂ ਪ੍ਰਦਾਨ ਕਰਦੇ। ਵਾਰ ਤੋਂ ਵਾਪਸ ਆਉਂਦਿਆਂ ਨੂੰ ਭੀ ਮਹਿੰਦਰ ਕੌਰ ਜੇ ਕਦੇ ਅਜੇ ਲਗੀ ਹੁੰਦੀ, ਤਦ ਹੁਕਮ ਕਰਦੇ ਕਿ ਭਾਈ ਸਫਾਈ ਦਾ ਕੰਮ ਅਜੇ ਮੁਕਿਆ ਨਹੀਂ ?

ਮਾਸਟਰ ਬਲਵੰਤ ਸਿੰਘ ਜੀ ਦੀ ਚਿੱਠੀ ਮੇਰੇ ਪਾਸ ਪਈ ਹੈ। ਉਹਨਾਂ ਲਿਖਿਆ ਕਿ ਜਦੋਂ ਖਬਰ ਮਿਲੀ ਕਿ ਪੌਤੇ ਨੇ ਜਨਮ ਲਿਆ ਹੈ ਤਾਂ ਸੱਚੇ ਪਾਤਸ਼ਾਹ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੜਾਹ ਪ੍ਰਸ਼ਾਦ ਅਤੇ ਜਲੇਬੀਆਂ ਦਾ ਲੰਗਰ ਕੀਤਾ। ਇਉਂ ਲਗਦਾ ਸੀ ਜਿਵੇਂ ਇਕ ਦਾਦਾ ਅਪਣੇ ਪੋਤਰੇ ਹੋਣ ਦੀ ਖੁਸ਼ੀ ਵਿਚ ਲੰਗਰ ਵਰਤਾ ਰਿਹਾ ਹੈ। ਸ੍ਰੀ ਸਤਿਗੁਰੂ ਜੀ ਜਦੋਂ ਬੈਂਕੋਕ ਦਰਸ਼ਨ ਦਿੰਦੇ, ਤਾਂ ਮਹਿੰਦਰ ਕੌਰ ਨੂੰ ਕਹਿੰਦੇ, ਬੀਬੀ ਬਖਸ਼ੀਸ਼ ਇਲਤਾਂ ਕਰਦਾ ਹੈ, ਧਰਮ ਨੂੰ ਮਾਰਦਾ ਹੈ। ਧਰਮ ਸਿੰਘ ਬਖਸ਼ੀਸ਼ ਤੋਂ ਦੂਜੇ ਨੰਬਰ ਤੇ ਹੈ। ਫੇਰ ਸੋਹਣ ਸਿੰਘ ਅਤੇ ਫਿਰ ਬਲਦੇਵ ਸਿੰਘ ਹੋਏ। ਸ੍ਰੀ ਸਤਿਗੁਰੂ ਜੀ ਚੌਹਾਂ ਪਾਸੋਂ ਭਨਲਪ ਦੇ ਗੁਦੇਲਿਆਂ ਤੇ ਛਾਲਾਂ ਮਰਵਾਉਣੀ-ਆਂ, ਅਤੇ ਪ੍ਰਸੰਨ ਹੋਣਾ।

ਧਰਮ ਸਿੰਘ ਨੂੰ ਉਲਟੀ ਔਣ ਦੀ ਕਸਰ ਹੋ ਗਈ ਸੀ। ਜਦੋਂ ਭੀ ਰੋਟੀ ਖਾਣੀ ਜਾਂ ਦੁਧ ਪੀਣਾ ਉਲਟੀ ਕਰ ਦੇਣੀ। ਸਤਿਗੁਰੂ ਜੀ ਨੇ ਅਪਣੇ ਕਰ ਕਮਲਾਂ ਨਾਲ ਧਰਮ ਸਿੰਘ ਦੀ ਕੰਡੀਂ ਟਕੋਰ ਕੀਤੀ, ਪਰ ਕੋਈ ਫਰਕ ਨਾ ਪਿਆ। ਇਕ ਦਿਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸਾਧ ਸੰਗਤ ਦੀਆਂ ਅਰਜ਼ਾਂ ਸੁਣ ਰਹੇ ਸਨ। ਮਹਿੰਦਰ ਕੌਰ ਬੱਚਿਆਂ ਨੂੰ ਮੱਥਾ ਟਿਕਾਣ ਲਿਆਈ। ਧਰਮ ਸਿੰਘ ਨੇ ਜਦੋਂ ਮੱਥਾ ਟੇਕਿਆ ਤਾਂ ਉਸਦਾ ਪੈਰ ਗਦੀਦਾਰ ਆਸਣ ਤੇ ਆ ਗਿਆ। ਕੋਲ ਬੈਠੇ ਸੇਠ ਦਿਆਲ ਸਿੰਘ ਜੀ ਗੁਬਾ ਨੇ ਧਰਮ ਨੂੰ ਪਿਛਾਂਹ ਕੀਤਾ ਤੇ ਇਸ ਨੇ ਉਨਾਂ ਤੇ ਥੁਕ ਦਿਤਾ। ਸ੍ਰੀ ਸਤਿਗੁਰੂ ਜੀ ਵੇਖ ਲਿਆ, ਤੇ ਧਰਮ ਸਿੰਘ ਦਾ ਕੰਨ ਫੜਕੇ ਹੁਕਮ ਕੀਤਾ, ਕਿ ਮਾਫੀ ਮੰਗ। ਧਰਮ ਸਿੰਘ ਰੋਣ ਲਗ ਪਿਆ। ਇਹ ਸਿਆਮੀ ਹੀ ਜਾਣਦਾ ਸੀ। ਇਸ ਨੂੰ ਸਮਝ ਨਾ ਆਵੇ, ਕਿ ਸਚੇ ਪਾਤਸ਼ਾਹ ਜੀ ਕੀ ਫਰਮਾ ਰਹੇ ਹਨ। ਸਚੇ ਪਾਤਸ਼ਾਹ ਜੀ ਨੇ ਇਸ ਦੇ ਦੋਵੇਂ ਕੰਨ ਫੜ ਲਏ ਅਤੇ ਖੂਬ ਪੁਟੇ। ਮੈਂ ਕੋਲ ਬੈਠਾ ਸੀ। ਮੈਂ ਸਿਆਮੀ ਵਿਚ ਆਖਿਆ ਕਿ ਹਥ ਜੋੜ ਕੇ ਮਾਫ਼ੀ ਮੰਗ। ਉਹ ਸਮਝ ਗਿਆ ਅਤੇ ਖਿਮਾ ਮੰਗੀ।

ਉਸ ਦਿਨ ਤੋਂ ਬਾਦ ਉਲਟੀ ਨਹੀਂ ਆਈ। ਕੰਨ ੨-੩ ਮਹੀਨੇ ਲਾਲ ਰਹੇ, ਫੇਰ ਉਹ ਭੀ ਠੀਕ ਹੋ ਗਏ। ਇਹ ਕੌਤਕ ਸ੍ਰੀ ਸਤਿਗੁਰੂ ਜੀ ਨੇ ਸਾਰੀ ਬੈਂਕੋਕ ਦੀ ਸੰਗਤ ਦੇ ਸਾਹਮਣੇ ਕੀਤਾ।

ਸ੍ਰੀ ਸਤਿਗੁਰੂ ਜੀ ਪ੍ਰਲੋਕ ਗਵਨ ਕੀਤਾ ਸਾਨੂੰ ਦੋਹਾਂ ਨੂੰ ਇਉਂ ਲਗਾ, ਜਿਵੇਂ ਮਾਪੇ ਮਰ ਜਾਂਦੇ ਹਨ। ਮਹਿੰਦਰ ਕੌਰ ਰਾਤ ਨੂੰ ਉਠਕੇ ਰੋਣ ਲਗ ਜਾਂਦੀ, ਅਤੇ ਕਹਿੰਦੀ, ਹੁਣ ਕੀ ਕਰਾਂਗੇ ? ਪਿਤਾ ਜੀ ਨੇ ਏਨਾਂ ਪਿਆਰ ਦਿਤਾ, ਉਹ ਭੀ ਚਲੇ ਗਏ, ਅਤੇ ਹੁਣ ਸਚੇ ਪਾਤਸ਼ਾਹ ਜੀ ਭੀ ਸਾਨੂੰ ਛਡ ਗਏ ਹਨ।

ਸਾਨੂੰ ਬਿਲਕੁਲ ਇਹ ਖਿਆਲ ਨਹੀਂ ਸੀ, ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਨੂੰ ਏਨਾਂ ਪਿਆਰ ਦੇਣ ਦੀ ਕਿਰਪਾ ਕਰਨਗੇ। ਪਰ ਏਹਨਾਂ ਨੇ ਭੀ ਬਹੁਤ ਪਿਆਰ ਦੇਣ ਦੀ ਕਿਰਪਾ ਕੀਤੀ, ਜੋ ਸਤਿਗੁਰੂ ਪ੍ਰਤਾਪ ਸਿੰਘ ਨਾਲੋਂ ਘਟ ਨਹੀਂ ਹੈ। ਵਰਤਮਾਨ ਸ੍ਰੀ ਸਤਿਗੁਰੂ ਜੀ ਦੇ ਦਿਲੀ ਦਰਸ਼ਨ ਦੇਣ ਸਮੇਂ ਮਹਿੰਦਰ ਕੌਰ ਪਹਿਲਾਂ ਵਾਂਗ ਬਿਸਤਰੇ ਵਛਾਉਣ ਅਤੇ ਸਫਾਈ ਕਰਨ ਦੀ ਸੇਵਾ ਆਪ ਕਰਦੀ।

ਸਾਧ ਸੰਗਤ ਦੇ ਵਾਸਤੇ ਮੰਜੇ-ਬਿਸਤਰੇ, ਪ੍ਰਸ਼ਾਦਾ ਛਕਾਣਾਂ, ਅਪਣੀ ਹਥੀਂ ਸੇਵਾ ਕਰਨੀ।

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪ੍ਰਲੋਕ ਗਵਨ ਤੋਂ ਬਾਦ ਅਸੀਂ ਦੋਹਾਂ ਨੇ ਮਨ ਧਾਰ ਲਿਆ ਕਿ ਅਸੀਂ ਹੁਣ ਦੇਸ਼ ਜਾਕੇ ਕੀ ਕਰਨਾ ਹੈ ? ਜੋ ਪਿਆਰ ਸ੍ਰੀ ਸਤਿਗੁਰਾਂ ਪਾਸੋਂ ਮਿਲਦਾ ਸੀ ਉਹ ਹੁਣ ਕਿਥੋਂ ਮਿਲੇਗਾ ?

ਬਾਬਾ ਭੋਜਾ ਸਿੰਘ ਮੱਕੀ ਵਾਲੇ ਚੜ੍ਹਾਈ ਕਰ ਚੁੱਕੇ ਸਨ। ਪਿਤਾ ਜੀ (ਸੰਤ ਬੂਟਾ ਸਿੰਘ ਜੀ) ਭੀ ਇਸ ਜਹਾਨ ਵਿਚ ਨਹੀਂ ਸਨ, ਇਤਿਆਦ......ਕਿਨਾ ਕਿਨਾ ਚਿਰ ਏਨ੍ਹਾਂ ਸੋਚਾਂ ਵਿਚ ਹੀ ਡੁਬਿਆਂ ਰਹਿਣਾ। ਫੇਰ ਇਕ ਦੂਜੇ ਨੂੰ ਹੌਸਲਾ ਦੇਣਾ ਅਤੇ ਦਿਨ ਲੰਘਦੇ ਰਹੇ।

ਜਦ ਮੈਂ ਸੰਨ ੧੯੬੪ ਵਿਚ ਯੂਰਪ ਜਾ ਰਿਹਾ ਸੀ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ ਨਵੀਂ ਦਿੱਲੀ ਹਵਾਈ ਅੱਡੇ ਤੇ ਟਰਾਂਜ਼ਿਟ ਲਾਂਜ ਵਿਚ ਦਰਸ਼ਨ ਦਿਤੇ। ਮੈਨੂੰ ਹਵਾਈ ਜਹਾਜ਼ ਵਿਚ ਇਮੀਗਰੇਸ਼ਨ ਅਫਸਰ ਨੇ ਦਸਿਆ ਤੁਸੀਂ ਚਲੋ ਤੁਹਾਨੂੰ ਤੁਹਾਡੇ ਗੁਰੂ ਜੀ ਮਿਲਣ ਆਏ ਹੈ। ਬੜੀ ਖੁਸ਼ੀ ਹੋਈ। ਸਚੇ ਪਾਤਸ਼ਾਹ ਜੀ ਨਾਲ ਬੇਅੰਤ ਸਿੰਘ ਜੀ, ਸਪੁਤ੍ਰ ਸੂਬਾ ਗੰਡਾ ਸਿੰਘ ਜੀ ਸਨ। ਸਚੇ ਪਾਤਸ਼ਾਹ ਹੁਕਮ ਕੀਤਾ, ਵਾਪਸੀ ਵਿਚ ਦਿੱਲੀ ਜ਼ਰੂਰ ਠਹਿਰਨਾ। ਭਾਵੇਂ ੨-੪ ਦਿਨ ਹੀ ਠਹਿਰੋ। ਸਤਿਬਚਨ ਕਹਿ ਦਿਤਾ, ਪਰ ਮਨ ਨਹੀਂ ਸੀ ਮੰਨਦਾ, ਲੰਡਨ ਜਾਕੇ ਮੈਂ ਬੈਂਕੋਕ ਟੈਲੀਫੋਨ ਕੀਤਾ। ਮਹਿੰਦਰ ਕੌਰ ਨੂੰ ਦੁਖ ਸੁਖ ਪੁਛਣ ਤੋਂ ਬਾਦ ਸਚੇ ਪਾਤਸ਼ਾਹ

Sri Satguru Jagjit Singh Ji eLibrary NamdhariElibrary@gmail.com

ਜੀ ਦਾ ਹੁਕਮ ਸੁਣਾਇਆ। ਅੱਗੋਂ ਉੱਤਰ ਮਿਲਿਆ ਠੀਕ ਹੈ, ਜ਼ਰੂਰ ਦੇਸ਼ ਹੋਕੇ ਆਵੋ, ਤਾਂ ਕਿ ਬਚਨ ਮੰਨਿਆ ਜਾਵੇ। ਮੈਂ ਸਮਝਦਾ ਹਾਂ, ਜਿਵੇਂ ਬੇੜੀ ਨਾਲ ਲਗਕੇ ਲੋਹਾ ਤਰ ਜਾਂਦਾ ਹੈ ਮੇਰਾ ਭੀ ਇਹੋ ਹਾਲ ਹੈ।

ਜਿਵੇਂ ਸ੍ਰੀ ਸਤਿਗੁਰੂ ਪ੍ਰਤਾਪ ਜੀ ਦੇ ਪ੍ਰਲੋਕ ਗਮਨ ਵੇਲੇ ਬਹੁਤ ਦੁਖ ਹੋਇਆ ਸੀ। (ਹੁਣ ਭੀ ਦੁਖ ਘੱਟ ਨਹੀਂ ਹੈ) ਪਰ ਓਦੋਂ ਮੇਰੇ ਕੋਲ ਮਹਿੰਦਰ ਕੌਰ ਹੌਂਸਲਾ ਦੇਣ ਵਾਲੀ ਸੀ। ਅਤੇ ਮੇਰਾ ਦੁਖ ਵੰਡਦੀ ਸੀ, ਜਿਵੇਂ ਅਜ ਉਸਦੀ ਅਣਹੋਂਦ ਇਸ ਵਾਸਤੇ ਬਹੁਤ ਮਹਿਸੂਸ ਹੋ ਰਹੀ ਹੈ, ਕਿ ਉਸ ਵਾਂਗ ਮੇਰੇ ਕੋਲ ਹੌਂਸਲਾ ਦੇਣ ਵਾਲਾ ਕੋਈ ਨਹੀਂ।

ਮਹਿੰਦਰ ਕੌਰ ਦੀ ਤੁਲਨਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨਹੀਂ ਕੀਤੀ ਜਾ ਸਕਦੀ। ਉਂਞ ਤਾਂ ਅਸੀਂ ਉਹਨਾਂ ਦੀ ਚਰਨ ਰਜ ਦੇ ਕਿਣਕੇ ਸਮਾਨ ਭੀ ਨਹੀਂ, ਪਰ ਦੁਖ ਦਾ ਇਜ਼ਹਾਰ ਕਰਦਾ ਹਾਂ।

ਬਾਬਾ ਫੇਰਾ ਸਿੰਘ ਮਸਤਾਨਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਜਵੀ ਮਾੜ ਲੈਂਦਾ ਸੀ, ਤੇ ਕਹਿੰਦਾ ਹੁੰਦਾ ਸੀ ਸੱਚੇ ਪਾਤਸ਼ਾਹ ਜੀ ਪਿਛਲੇ ਅਉਗਣ ਬਖਸ਼ ਦਿਓ, ਅਤੇ ਕ੍ਰਿਪਾ ਕਰੋ ਅਗੋਂ ਹੋਣ ਹੀ ਨਾ, ਮੇਰੀ ਭੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪਵਿੱਤ੍ਰ ਚਰਨਾਂ ਵਿਚ ਬੇਨਤੀ ਹੈ ਕਿ ਪਿਛਲੇ ਅਉਗਣ ਬਖਸ਼ੋ ਅਗੋਂ ਕ੍ਰਿਪਾ ਕਰੋ ਕੋਈ ਅਉਗਣ ਨਾ ਹੋਵੇ। ਮੇਰੇ ਮੂੰਹੋਂ ਉਹੀ ਗਲ ਨਿਕਲੇ, ਜੋ ਆਪ ਜੀ ਨੂੰ ਚੰਗੀ ਲਗੇ।

ਬਾਬਾ ਫੇਰਾ ਸਿੰਘ ਜੀ ਦਾ ਸਾਡੇ ਘਰ ਤੇ ਕੀ ਉਪਕਾਰ ਸੀ, ਉਹ ਮੈਂ ਫਿਰ ਲਿਖਾਂਗਾ। ਸ੍ਰੀ ਸਤਿਗੁਰੂ ਜੀ ਸੱਚੇ ਪਾਤਸ਼ਾਹ ਅਤੇ ਸਾਧ ਸੰਗਤ ਦੀ ਸੇਵਾ ਕਰਦਿਆਂ ਸ੍ਰੀ ਮਤੀ ਮਹਿੰਦਰ ਕੌਰ ਜੀ ਅਮਰੀਕਾ ਦੇ ਸ਼ਹਿਰ ਲੌਜਿਸਏਂਜਲਸ ਵਿਚ ੩੧-੮-੮੫ ਸ਼ਨੀਵਾਰ ਰਾਤ ਦੇ ੧੦ ਵਜੇ ਸੇਹਤ ਨਾਲ ਬਚਨ ਬਿਲਾਸ ਕਰਦੇ ਇਕਦਮ ਗੁਰੂ ਚਰਨਾਂ ਵਿਚ ਜਾ ਬਿਰਾਜੇ। ਉਸ ਵਕਤ ਇਨ੍ਹਾਂ ਦੀ ਉਮਰ ੬੦ ਸਾਲ ਤੇ ੪ ਮਹੀਨੇ ਦੀ ਸੀ।

×

# ਗ਼ਜ਼ਲ

—ਮਹਿੰਦਰ ਭੱਟੀ

ਜ਼ਿੰਦਗੀ ਅੱਜ ਹੋ ਗਈ ਵੀਰਾਨ ਹੈ।
ਚਿਹਰਿਆਂ ਤੋਂ ਉਡ ਗਈ ਮੁਸਕਾਨ ਹੈ।

ਜਾ ਚੁੱਕੀ ਸ਼ਹਿਰ ਲਗੇ ਇਨਸਾਨੀਅਤ,
ਵਸ ਗਿਆ ਸਭ ਥਾਈਂ ਅੱਜ ਸ਼ੈਤਾਨ ਹੈ।

ਰੱਤ ਸੜਕਾਂ ਤੇ ਹੈ ਥਾਂ ਥਾਂ ਚੋ ਰਹੀ,
ਇਸ ਕਦਰ ਖ਼ਾਮੋਸ਼ ਕਿਉਂ ਭਗਵਾਨ ਹੈ?

"ਰਾਜੇ ਸ਼ੀਂਹ" "ਕੁੱਤੇ ਮੁਕੱਦਮ" ਹੋ ਗਏ,
ਪਾ ਮਖੌਟਾ ਆ ਗਿਆ ਹੈਵਾਨ ਹੈ।

ਮੌਤ ਥਾਂ ਥਾਂ ਨਚਦੀ—ਕੂਕਾਂ ਮਾਰਦੀ,
ਤੱਕ ਰਿਹਾ ਬੇਵੱਸ ਹੋ ਇਨਸਾਨ ਹੈ।

ਜੇਕਰ ਰੋਣਾ ਹੈਂ ਤਾਂ ਤੱਕ ਤੂੰ ਆਣਕੇ,
ਬਣ ਗਿਐ ਪੰਜਾਬ ਅੱਜ ਸ਼ਮਸ਼ਾਨ ਹੈ।



Sri Satguru Jagjit Singh Ji eLibrary NamdhariElibrary@gmail.com

# ਸ਼ਰਧਾਂਜਲੀਆਂ



**ਸੇਠ ਨਰਾਇਣ ਸਿੰਘ ਠਕੁਲਾ ਬੈਂਕੌਕ**

ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੇ ਪਵਿੱਤਰ ਚਰਨ ਕੰਵਲਾਂ ਵਿਚ ਅਰਜ਼ੋਈ ਕਰਦੇ ਹਾਂ ਕਿ ਜਿਹੜਾ ਸਿਦਕ, ਪਿਆਰ, ਨਿਮਰਤਾ ਤੇ ਸੇਵਾ ਦਾ ਭੰਡਾਰ ਆਪ ਜੀ ਨੇ ਸੇਠਣੀ ਮਹਿੰਦਰ ਕੌਰ ਜੀ ਨੂੰ ਬਖਸ਼ਿਆ ਸੀ ਉਸ ਵਿਚੋਂ ਤਿਲਫੁਲ ਸਾਡੀ ਵੀ ਝੋਲੀ ਪਾਓ ਤਾਂ ਕਿ ਅਸੀਂ ਗੁਰੂ ਸਿੱਖੀ ਜੀਵਨ ਬਤੀਤ ਕਰ ਸਕੀਏ ।



**ਸੇਠ ਜਗਦੀਸ਼ ਸਿੰਘ ਠਕੁਲਾ**—ਜਿਸ ਮਹਾਨ ਇਸਤਰੀ ਮਹਾਨ ਸ਼ਕਤੀ ਨੂੰ ਅਜ ਅਸੀਂ ਯਾਦ ਕਰ ਰਹੇ ਹਾਂ ਉਹਨਾਂ ਦਾ ਜਨਮ ਸੰਤ ਪਰਤਾਪ ਸਿੰਘ ਜੀ ਸ਼ਿਕਾਰਪੁਰ ਦੇ ਘਰ ਹੋਇਆ ਤੇ ਜਵਾਨੀ ਏਥੇ ਪ੍ਰਾਪਤ ਹੋਈ ਪਰ ਜਦੋਂ ਉਹ ਵਿਵਾਹਤ ਹੋਏ ਤਾਂ ਇਕ ਹੋਰ ਮਹਾਨ ਸੰਤ ਸੇਠ ਸੰਤ ਬੂਟਾ ਸਿੰਘ ਜੀ ਦੀ ਨੂੰਹ ਜਾ ਬਣੇ । ਦੋਹਾਂ ਪਾਸਿਆਂ ਤੇ ਹੀ ਸਤਿਗੁਰਾਂ ਦੀ ਅਪਾਰ ਕਿਰਪਾ । ਸੇਠਣੀ ਮਹਿੰਦਰ ਕੌਰ ਜੀ ਨੇ ਆਪਣੇ ਪ੍ਰੀਤਮ ਸੇਠ ਜਸਲੋਕ ਸਿੰਘ ਜੀ ਤੇ ਹਾਜ਼ਰੀ ਨਾਲ ਸਾਰੇ ਜੀਵਨ ਵਿਚ ਹੀ ਉਹਨਾਂ ਦਾ ਸਾਥ ਭਰਪੂਰ ਨਿਭਾਇਆ ਮਨ ਦੀ ਸਾਦਗੀ ਬਰਕਰਾਰ ਰਹੀ । ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਨਾਲ ਗੂੜ੍ਹੀ ਪ੍ਰੀਤ ਰਖਦਿਆਂ ਆਪ ਨਾਮਧਾਰੀ ਸੰਗਤ ਵਿਚ ਵਿਚਰਣ ਦੀ ਉਹਨਾਂ ਦਾ ਸੇਵਾ ਸਿਦਕ ਤੇ ਨਿਰਮਾਣਤਾ ਭਰਿਆ ਰਿਹਾ ।

ਮਾਤਾ ਮਹਿੰਦਰ ਕੌਰ ਜੀ ਨੇ ਤਨ, ਮਨ, ਧਨ ਕਰਕੇ ਸਤਿਗੁਰੂ ਜੀ ਤੇ ਸਾਧ ਸੰਗਤ ਦੀ ਸੇਵਾ ਕੀਤੀ । ਅੱਜ ਇਹ ਘਾਟਾ ਸਾਡੇ ਕੁੱਝ ਮੈਂਬਰਾਂ ਵਲੋਂ ਨ ਸਕੀ ਹੈ, ਇਹਨਾਂ ਆਸਰਾ ਉਹਨਾਂ ਹੀ ਸਾਧ ਸੰਗਤ ਦੀ ਸੇਵਾ ਜ਼ਿਆਦਾ ਕੀਤਾ ।

**ਸੇਠ ਜਸਪਾਲ ਸਿੰਘ ਗੋਰੇਵਾੜਾ**—ਮੈਨੂੰ ਉਨ੍ਹਾਂ ਦਾ ਛੋਟਿਆਂ ਹੋਣ ਕਰਕੇ ਮਾਤਾ ਮਹਿੰਦਰ ਕੌਰ ਜੀ ਦੇ ਚਰਨਾਂ ਵਿਚ ਬਚਪਣ ਤੋਂ ਹੀ ਬੈਠਣ ਦਾ ਅਵਸਰ ਮਿਲਿਆ । ਉਹਨਾਂ ਤੋਂ ਮੈਂ ਬਹੁਤ ਕੁਝ ਸਿਖਿਆ, ਜਿਵੇਂ, ਝੂਠ ਨਹੀਂ ਬੋਲਣੀ,



Sri Satguru Jagjit Singh Ji eLibrary NamdhariElibrary@gmail.com



**ਸ੍. ਮਹਿੰਦਰ ਸਿੰਘ ਸੇਠੀ**—ਸੇਠਣੀ ਜੀ ਨੂੰ ਗੁਰੂ ਘਰੋਂ ਸੇਵਾ, ਸਿਮਰਨ, ਉਤਸਾਹ ਅਤੇ ਹਰ ਬਹੁਤ ਗੁਣਾਂ ਦੀ ਦਾਤ ਪ੍ਰਾਪਤ ਸੀ । ਬੀਬੀ ਜੀ ਤਿੰਨ ਪਰਆਰ ਦੇ ਮਨੁਖਾ ਵਿਚ ਉਤਮ ਜਿਸਮ ਦੇ ਵਿਅਕਤੀ ਸਨ ਜਿਨ੍ਹਾਂ ਨੂੰ ਗੁਰੂ ਚਰਨਾ ਵਿਚ ਬੈਠਣ ਦਾ ਸੁਭਾਗ ਵੀ ਪ੍ਰਾਪਤ ਸੀ ਅਤੇ ਅਪਣੇ ਮੂਲ ਦੀ ਪਛਾਣ ਵੀ ਸੀ । ਉਹਨਾਂ ਦਾ ਆਉਣਾ ਵੀ ਮੁਬਾਰਕ ਹੈ ਜਾਣਾ ਵੀ ਮੁਬਾਰਕ ਹੈ । ਉਹ ਏਨੇ ਸੁਭਾਗੇ ਸਨ ਕਿ ਉਹਨਾਂ ਨੂੰ ਸੱਚੇ ਪਿਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਦਾ ਪ੍ਰੇਮ ਵੀ ਪ੍ਰਾਪਤ ਹੋਇਆ ਅਤੇ ਮੌਜੂਦਾ ਸੱਚੇ ਪਾਤਸ਼ਾਹ ਜੀ ਨੇ ਵੀ ਉਹਨਾਂ ਨੂੰ ਰਜਵੀਆਂ ਖੁਸ਼ੀਆਂ ਬਖਸ਼ੀਆਂ ।



**ਸ.ਹਰਵਿੰਦਰ ਸਿੰਘ ਹੰਸਪਾਲ ਐਮ.ਪੀ.**—ਬੀਬੀ ਮਹਿੰਦਰ ਕੌਰ ਜੀ ਇਕ ਬਹੁ-ਪੱਖੀ ਸ਼ਖਸੀਅਤ ਸਨ। ਸੇਠ ਤ੍ਰਲੋਕ ਸਿੰਘ ਜੀ ਤੇ ਬੀਬੀ ਜੀ ਨਾਲ ਮੇਰੀ ਜਾਣਕਾਰੀ ੨੫ ਸਾਲ ਤੋਂ ਹੈ ਪਰ ਇਹ ਸਾਧ ਸੰਗਤ ਦੇ ਰੂਪ ਵਿਚ ਸੀ। ਇਹ ਸੰਪਰਕ ਵਧਣਾ ਵਧਦਾ ਮਾ ਪ੍ਰਭਾਵ ਵਾਲਾ ਬਣ ਗਿਆ ਤੇ ਫੇਰ ਸਤਿਗੁਰੂ ਜੀ ਦੀ ਕ੍ਰਿਪਾ ਦੁਆਰਾ ਸਾਡਾ ਸੰਬੰਧ ਹੋਰ ਵੀ ਨੇੜਤਾ ਵਾਲਾ (ਕੁੜਮਾਚਾਰੀ) ਬਣ ਗਿਆ। ਬੀਬੀ ਮਹਿੰਦਰ ਕੌਰ ਜੀ ਨੇ ਇਹ ਰਿਸ਼ਤੇ ਸੰਬੰਧ ਬੜੀ ਸਦਭਾਵਨਾ, ਉਦਾਰਤਾ ਅਤੇ ਸਹਿਨਸ਼ੀਲਤਾ ਨਾਲ ਨਿਭਾਏ ਹਨ। ਬੀਬੀ ਜੀ ਦੇ ਜਿੰਨੇ ਗੁਣਾਂ ਦੀ ਗਣਨਾ ਕਰਨ ਵਾਲਿਆਂ ਨੇ ਚਰਚਾ ਕੀਤੀ ਉਹ ਇਹਨਾਂ ਦੇ ਮਾਲਕ ਸ੍ਰੀ ਸਤਿਗੁਰੂ ਜੀ ਦੀ ਅਣਥਕ ਸੇਵਾ ਕਰਨ, ਕਾਰਨ ਹੀ ਬਣੇ। ਉਹਨਾਂ ਨੂੰ ਸ੍ਰੀ ਸਤਿਗੁਰੂ ਜੀ ਦੇ ਘਰ ਆਇਆਂ ਵੇਖਿਕੇ ਚਾਅ ਚੜ੍ਹ ਜਾਂਦੇ ਸਨ। ਅਤੇ ਹਰ ਗੱਲ ਵੱਲ ਨੇੜਿਓਂ ਧਿਆਨ ਰਖਦੇ ਸਨ। ਸਤਿਗੁਰ ਕੀ ਸੇਵਾ ਚਾਕਰੀ ਸੁਖੀ ਹੂੰ ਸੁਖ ਸਾਰੁ ॥ ਐਥੈ ਮਿਲਨਿ ਵਡਿਆਈਆ ਦਰਗਹ ਮੋਖ ਦੁਆਰੁ ॥ ਇਹ ਬੀਬੀ ਮਹਿੰਦਰ ਕੌਰ ਜੀ ਦੇ ਵਾਸਤੇ ਹੀ ਤੁਕ ਢੁਕਦੀ ਹੈ। ਉਹਨਾਂ ਦੀਆਂ ਅੰਤ ਸਮੇਂ ਲਈ ਇਛਾਵਾਂ ਵੀ ਸਤਿਗੁਰੂ ਜੀ ਨੇ ਪੂਰਨ ਕੀਤੀਆਂ : ਕਿਸੇ ਨੂੰ ਅਪਣੀ ਸੇਵਾ ਦਾ ਮੌਕਾ ਨਾ ਦੇਣਾ ਅਤੇ ਅੰਤ ਸਮਾ ਸੰਤ ਜੀ ਦੇ ਹੱਥਾਂ ਵਿਚ ਹੀ ਆਉਣਾ ।


Sri Satguru Jagjit Singh Ji eLibrary NamdhariElibrary@gmail.com

# ਮਾਂ ! ਤੇਰੀ ਠੰਡੀ ਛਾਂ

—ਕੇਹਰ ਸਿੰਘ ਕੇਹਰ ਬੰਕੋਕ, ਥਾਈਲੈਂਡ—

ਇਹ ਕਵਿਤਾ ਇਸ ਵਿਛੜੀ ਮਾਂ ਦੇ ਬੱਚਿਆਂ ਦੀ ਪ੍ਰਤੀਨਿਧਤਾ ਕਰਦੀ ਹੈ, ਜਿਨ੍ਹਾਂ ਬੱਚਿਆਂ ਦੀ ਮਮਤਾ-ਮੂਰਤੀ ਪਿਆਰੀ ਮਾਂ ਉਹਨਾਂ ਨਾਲ ਮੋਹ ਤੋੜ ਗਈ ਹੈ। ਮੈਂ ਇਸ ਪੂਜਯ ਮਾਂ ਜਿਹੜੀ ਇਕ ਭਾਗਾਂ ਭਰੇ ਪਰਵਾਰ ਦੀ ਮਾਂ ਸੀ। ਉਹ ਮਾਂ ਜਿਸਨੇ ਆਪਣੇ ਵਿਵਾਹਤ ਜੀਵਨ ਦੇ ਬੜੇ ਅਰਸੇ ਪਿਛੋਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਚਰਨਾਂ ਵਿਚ ਅਰਜ਼ੋਈਆਂ ਕਰਕੇ ਤੇ ਸਤਿਗੁਰਾਂ ਦੇ ਵਰਦਾਨ ਨਾਲ ਇਹਨਾਂ ਸੰਤ-ਸਪੁੱਤਰਾਂ ਤੇ ਇਕ ਸਪੁੱਤਰੀ ਦੀ ਦਾਤ ਪ੍ਰਾਪਤ ਕੀਤੀ ਸੀ। ਅਤੇ ਨਾਮਧਾਰੀ ਪੰਥ ਵਿਚ ਉੱਘੇ ਵਿਅਕਤੀ ਸੇਠ ਕੁਲਵੰਤ ਸਿੰਘ ਜੀ ਦੀ ਧਰਮ-ਪਤਨੀ ਸੀ, ਦੀ ਯਾਦ ਵਿਚ ਅੱਜ ਸੇਜਲ ਅੱਖਾਂ ਨਾਲ ਸ਼ਰਧਾਂਜਲੀ ਭੇਟ ਕਰਨ ਹਿਤ ਇਹ ਕਵਿਤਾ ਲਿਖੀ ਹੈ। ਸੇਠਨੀ ਬੀਬੀ ਮਹਿੰਦਰ ਕੌਰ ਜੀ ਚਾਵਲਾ ਦੀ ਵਿਛੜੀ ਆਤਮਾ ਨੂੰ ਸ਼ਰਧਾ ਨਾਲ ਸਮਰਪਤ ਹੈ।

ਸੰਬੋਧਨ ਹੈ ਬੱਚੇ ਦਾ ਮਾਂ ਨੂੰ :—

ਮਾਂ ! ਤੇਰੀ ਠੰਡੀ ਛਾਂ।
ਪਿਪਲੋਂ ਸੰਘਣੀ-ਬੋਹੜੋਂ ਘਣੀ,
ਸਿਰ ਮੇਰੇ ਤੋਂ ਉਠ ਗਈ ਮਾਂ—ਤੇਰੀ ਠੰਡੀ ਛਾਂ।
ਲੋਅ ਲੱਗੇ ਦੀ ਸੋਚ ਕੰਨਾਂ 'ਚ ਗੂੰਜੇ,
ਅਣਹਦ ਧੁਨ ਸਰੂਰ ਜੀ ਮਾਂ ! ਮਿੱਠੇ ਤੇਰੇ ਬੋਲ ਸੀ ਮਾਂ।
ਸਭੇ ਤੀਰਥ ਮਨ ਦਰਸ਼ਨ ਤੇਰਾ
ਦੁਖ ਹਰਦੇ ਸਨ ਪਛਾਨ ਤੇਰਾ।
ਗੋਦ ਤੇਰੀ ਦਾ ਨਿੱਘਾ ਨਿੱਘਾ ਇਕ ਇਲਾਹੀ ਝੂਟਾ ਸੀ ਮਾਂ।
ਅਰਸ਼ੋਂ ਪਰਗਟੀ ਤੂੰ ਸੈਂ ਮਾਂ
ਕੁਦਰਤ ਬਖ਼ਸ਼ੀ ਤੂੰ ਸੈਂ ਮਾਂ।
ਜੀਅ ਨਹੀਂ ਕਰਦਾ ਆਖੂੰ ਕੇਰਾਂ।
ਤੂੰ ਦੇਵੀ ਦਸਤ ਅਨੋਖੀ—ਮੇਰੀ ਪਿਆਰੀ ਮਾਂ।

ਗੁਰੂ ਚਰਨਾਂ ਵਿਚ ਸ਼ਰਧਾ ਤੇਰੀ।
ਨਾਮ-ਬਾਣੀ ਵਿਚ ਸ਼ਰਧਾ ਤੇਰੀ।
ਜੀਵਨ ਜਾਗ ਦੇ ਹੁੰਗਾਰਾ।
ਸੇਵ ਕਮਾਈ ਲੇਖ ਲਾਈ।
ਤੇਰਾ ਸਿਦਕ ਭਰੋਸਾ ਤਕਕੇ !
ਮੇਰਾ ਸਿਰ ਝੁਕ ਜਾਂਦੈ ਮਾਂ !
ਤੇਥੋਂ ਲੱਖ ਸਦਕੜੇ ਜਾਂ—ਮਾਂ ! ਤੇਰੀ ਠੰਡੀ ਛਾਂ।
ਬਖ਼ਸ਼ੀਸ਼-ਧਾਰਾ ਵਿਚ ਤਰਬੀਅਤ ਤੇਰੀ।
ਸੰਗਤ-ਚਲਵੰਦ ਵਿਚ ਸਖਸੀਅਤ ਤੇਰੀ।
ਸੋਚ-ਸੁਪਿੰਦਰ ਵਿਚ ਅਹਿਮੀਅਤ ਤੇਰੀ।
ਤੂੰ ਸੈਂ ਮਾਨ ਮਤੀ-ਸਤਵਾਦਨੀ ਮਾਂ।
ਭਰੇ-ਭਾਗਾਂ ਦੀ ਤੂੰ ਸੈਂ ਮਾਲਕ-ਪਤੀਬਰਤਾ ਸਤ ਮੇਰੀ ਮਾਂ।

ਗੁਰਦੀਪ ਵਿਚ ਰੂਪ ਹੈ ਤੇਰਾ।
ਸੰਤੋਖ ਵਿਚ ਸਰੂਪ ਹੈ ਤੇਰਾ।
ਬਾਗਾਂ ਦੇ ਅੰਦਰ ਅਨੂਪ ਸੀ ਤੇਰਾ।
ਹਸੂੰ-ਹਸੂੰ ਮੁਖੜਾ ਤੇਰਾ।
ਰਹਿ ਰਹਿ ਆਵੇ ਯਾਦ ਤੇਰੀ ਅੱਜ—
ਕਿਹਾਂ ਭੁਲ ਜਾਂ—ਤੇਰੀ ਠੰਡੀ ਛਾਂ।
ਮਾਂ ਵਿਛੋੜਾ ਅੱਖ ਵਿਚ ਰੋੜਾ।
ਮਾਂ ਵਿਛੋੜਾ ਜਿਗਰ ਵਿਚ ਫੋੜਾ।
ਮਾਂ ਵਿਛੋੜਾ ਡੱਸੇ ਭੁਜੰਗ।
ਮਾਂ ਵਿਛੋੜਾ ਟੁਟ ਦੇ ਅੰਗ।
ਮਾਂ ਵਿਛੋੜਾ ਕਹਿਰਾਂ ਦੀ ਅੱਗ।
ਮਾਂ ਵਿਛੋੜਾ ਸੁੰਨਾਂ ਜਗ।
ਮਾਂ ਵਿਛੋੜਾ ਕੰਡਿਆਂ ਦੀ ਸੇਜ।
ਮਾਂ ਵਿਛੋੜਾ ਖੰਡਿਉਂ ਤੇਜ਼।
ਕੱਲੀ ਕੀਹ ਜਾਣੇ ਕੀਹ ਹੋ ਜਾਂਦੈ।
ਖੁਸ ਜਾਂਦੇ ਜਿਸ ਤੋਂ ਮਾਂ। ਉਸ ਦੀ ਠੰਡੀ ਛਾਂ।

ਗੁਰਬਾਣੀ ਵਿਚ ਲਿਖਿਐ ਮਾਂ !
ਸੱਕਰ-ਖੰਡ-ਨਿਵਾਤ-ਗੁੜ-ਮਾਖਿਉ-ਮਾਝਾ ਦੁਧ।
ਸਭੇ ਵਸਤੂ ਮਿਠੀਆਂ—ਰੱਬ ਨਾ ਪੁੱਜਨ ਤੁਧ।
ਰੱਬ ਦਾ ਤੂੰ ਰੂਪ ਸੈਂ ਮਾਂ।
ਹੁਣ ਜਦ ਲਵਾਂਗਾ ਰੱਬ ਦਾ ਨਾਂ।
ਤੂੰ ਯਾਦ ਆ ਜਾਵੇਂਗੀ ਮੇਰੀ ਪਿਆਰੀ ਮਾਂ।
ਤੇਰੀ ਠੰਡੀ ਮੂਰਤ—ਤੇਰੀ ਠੰਡੀ ਛਾਂ।
ਹੁਣ ਸਿਰ ਸਾਡੇ ਉਤੇ ਨਾ।



Sri Satguru Jagjit Singh Ji eLibrary NamdhariElibrary@gmail.com




ਬੀਬੀ ਮਹਿੰਦਰ ਕੌਰ ਜੀ ਆਪਣੇ ਪਤੀ ਸੇਠ ਤਰਲੋਕ ਸਿੰਘ ਚਾਵਲਾ ਵਾਸਤੇ ਸ਼ਕਤੀ ਦਾ ਸਰੋਤ ਸਨ। ਉਹਨਾਂ ਦੇ ਸਹਿਯੋਗ ਨਾਲ ਸੇਠ ਜੀ ਅੰਤਰਰਾਸ਼ਟਰੀ ਸਰਗਰਮੀਆਂ ਵਿਚ ਸਦਾ ਅਗੇ ਰਹੇ। ਤਸਵੀਰ ਵਿਚ ਸਿੰਗਾਪੋਰ ਵਿਚ ਹਏ ਸਤਿਗੁਰੂ ਰਾਮ ਸਿੰਘ ਪ੍ਰਕਾਸ਼ ਸ਼ਤਾਬਦੀ ਦੇ ਸਮੇਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਭਿਨੰਦਨ ਕਰਦੇ ਹੋਏ।

# ਬੀਬੀ ਮਹਿੰਦਰ ਕੌਰ ਚਾਵਲਾ

—ਮਹਿੰਦਰ ਸਿੰਘ ਪ੍ਰੀਤ—

ਬੀਬੀਆਂ ਦੇ ਵਿਚੋਂ ਤੱਕੀ ਸ੍ਰੀਮਤੀ ਮਹਿੰਦਰ ਕੌਰ ਉਹ ਕੱਟੀ ਨਾਮ ਨਾਮਧਾਰੀ ਦਰਬਾਰ ਦੇ।
ਬੀਜਿਆ ਸੀ ਸੇਵਾ ਬੀਜ ਤਨ ਮਨ ਧਨ ਨਾਲ ਬਣੀ ਜੋ ਮਿਸਾਲ ਵਿਚ ਗੁਰੂ ਪਰਵਾਰ ਦੇ।
ਮਨ ਨੂੰ ਬਣਾਇਆ ਐਸਾ, ਹੁਕਮ ਸਤਿਗੁਰੂ ਜੀ ਦਾ ਖੁਸ਼ੀ ਵਿਚ ਖਿੜੇ ਮੱਥੇ ਸਦਾ ਸਵੀਕਾਰਦੇ।
ਹਿੰਮਤ ਨਾ ਹਾਰੀ ਕਦੀ ਹੁਕਮ ਭਾਵੇਂ ਔਖਾ ਹੋਵੇ ਸਦਾ ਆਪ ਸਤ ਬਚਨ ਮੁਖ ਥੀਂ ਉਚਾਰਦੇ।
ਦਰ ਤੇ ਜੋ ਆਂਵਦੇ ਅਤਿੱਥੀ ਅਤੇ ਸਾਧ ਸੰਤ ਤਕ ਸੇਵਾ ਕਹਿਣ ਸਭ ਧੰਨ ਇਸ ਨਾਰ ਦੇ।
ਰਹਿਮ ਵਾਲੇ ਦਿਆਨਤਦਾਰ ਦੂਰ ਅੰਦੇਸ਼ੀ ਵਾਲੇ ਦਿਲ ਦੇ ਦਿਲਾਵਰ ਦਰਦ ਮੰਦ ਦੁਖਿਆਰ ਦੇ।
ਕੌਮ ਇਨਸਾਨੀਅਤ ਸਦਾ ਮੁਖ ਰਖਦੇ ਸੀ ਕਿਸੇ ਵੀ ਗ਼ਰੀਬ ਤਾਈਂ ਨਾ ਕਦੀ ਦੁਰਕਾਰਦੇ।
ਰਈਸ ਰਸੂਖ ਵਾਲੇ ਰਮਣੀਕ ਰਜ਼ਾ ਵਿਚ ਰਸਨਾ ਦੇ ਵਿਚ ਰਸ ਰਵੀ ਰਿਸ਼ਤੇਦਾਰ ਦੇ।
ਜੀਵਨ ਦੇ ਵਿਚ ਆਪ ਜਾਮ ਚਰਨ ਗੁਰੂ ਜੀ ਦਾ ਜੀਵਨ ਮਿਸਾਲ ਬਣ ਜੀਵਨ ਸਵਾਰਦੇ।
ਚਾਅ ਨਾਲ ਸੇਵਾ ਕਰਨ ਪਤੀ ਅਤੇ ਬੱਚਿਆਂ ਦੀ ਸਤਿਗੁਰ-ਸੇਵਾ ਵਿਚ ਸਮਾਂ ਸੀ ਗੁਜ਼ਾਰਦੇ।
ਵਦਣ ਸਤਿਗੁਰੂ ਜੀ ਦੇ ਸਦਾ ਆਪ ਮੁਖ ਰਹੇ ਨਫ਼ਾ ਨੁਕਸਾਨ ਆਪ ਕਦੀ ਨਾ ਚਿਤਾਰਦੇ।
ਲਾਲਚ "ਪ੍ਰੀਤ" ਇਹੋ ਮਨ ਵਿਚ ਰਖਦੇ ਸੀ ਬਣੇ ਰਹੀਏ ਭੌਰੇ ਗੁਰੂ ਚਰਨਾਂ ਦੇ ਪਿਆਰ ਦੇ।



Sri Satguru Jagjit Singh Ji eLibrary NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# RAJPAL

## The Leading Name in Construction Machinery



CONCRETE MIXER 10/7 CFT

Manufacturers of

- Concrete Mixers of all Sizes
- Pan Mixers
- Vibrators of all Types
- Tower Hoists
- Hydraulic Press
- Spare Parts of all Makes Concrete Mixers



CONCETE MIXER 7/5

Phones : Office : 529033
Factory : 501973
Resi. : 536093

# BALWANT SINGH & SONS

Office : 4E/11 JHANDEWALA EXTN. NEW DELHI-110055

Factory : A 2/3, MAYA PURI, PHASE II Opp. C-70 NEW DELHI-110064

Sri Satguru Jagjit Singh Ji eLibrary NamdhariElibrary@gmail.com

WITH

BEST COMPLIMENTS

FROM

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

ਅੰਬਰ ਫੂਡਜ਼

ਹੈਦਰਾਬਾਦ

# AMBER FOODS

**Amber pet HYDERABAD**

**(A.P.)**




Sri Satguru Jagjit Singh Ji eLibrary NamdhariElibrary@gmail.com

# ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ

—ਹਰਸਾ ਸਿੰਘ 'ਬਾਠ'—

ਮਹਾਨ ਸਿੰਘ ਦੀ ਖਿੜੀ ਗੁਲਜ਼ਾਰ ਵਿਚੋਂ, ਮਹਿੰਦਰ ਕੌਰ ਨੇ ਮਹਿਕ ਖਿੰਡਾਈ ਸੋਹਣੀ।
ਸੇਵਾ ਭਾਵ ਤੇ ਨਿੰਮ੍ਰਤਾ ਸਾਦਗੀ ਵੀ, ਮਾਤਾ ਪਿਤਾ ਤੋਂ ਸਿੱਖਿਆ ਪਾਈ ਸੋਹਣੀ।
ਪਲ ਪੋਸ ਤੇ ਸੁੰਦਰ ਜੁਆਨ ਹੋ ਕੇ, ਗ੍ਰਿਹਸਥ-ਧਰਮ ਦੀ ਰੀਤ ਨਿਭਾਈ ਸੋਹਣੀ।
ਸਮਝ ਪਤੀ ਪ੍ਰੀਤਮ ਤ੍ਰਿਲੋਕ ਸਿੰਘ ਨੂੰ, ਪਤੀ-ਵ੍ਰਤਾ ਬਣ ਸੇਵ ਕਮਾਈ ਸੋਹਣੀ।
ਭਜਨ ਬਾਣੀ ਵਿਚ ਸਦਾ ਹੀ ਲੀਨ ਰਹਿਣਾ, ਨਿਤਾ-ਪ੍ਰਤੀ ਸੀ ਧਰਿਆ ਸ਼ਿੰਗਾਰ ਉਹਦਾ।
ਹੱਥ ਕਾਰ ਵੱਲੇ ਦਿਲ ਕਰਤਾਰ ਵੱਲੇ, ਸੇਵਾ ਸਿਦਕ ਸੀ ਜੀਵਨ ਆਧਾਰ ਉਹਦਾ।

ਪ੍ਰਤਾਪ ਗੁਰੂ ਨੂੰ ਪੂਜਦੀ ਦਿਨੇ ਰਾਤੀਂ, ਵਾਂਗ ਚੰਦ ਚਕੋਰ ਸੀ ਪ੍ਰੀਤ ਉਹਦੀ।
ਭਜਨ ਕਰ ਤ੍ਰਿਆਗ ਅਰਦਾਸ ਕਰਦੀ, ਅਟੱਲ ਪ੍ਰਤਾਪੀ ਤੇ ਸੀ ਪ੍ਰਤੀਤ ਉਹਦੀ।
ਜੀਵਨ ਵਿਚ ਨਹੀਂ ਕਦੇ ਵੀ ਹਾਰ ਵੇਖੀ, ਹੁੰਦੀ ਜੰਗ ਤੇ ਸਦਾ ਹੀ ਜੀਤ ਉਹਦੀ।
ਸ਼ਰਧਾ ਭਾਵਨਾ ਵੇਖ ਕੇ ਸੋਹਣੀ ਦੀ, ਰਖਿਆ ਕਰਦੇ ਰਹੇ ਜਗਜੀਤ ਉਹਦੀ।
ਕਦੇ ਅੱਕਦੀ ਥੱਕਦੀ ਨਹੀਂ ਵੇਖੀ, ਸੇਵਾ ਨਾਲ ਸੀ ਐਸਾ ਪਿਆਰ ਉਹਦਾ।
ਵਾਰੇ ਜਾਂਦੀ ਸੱਚਖੰਡੇ ਸਤਿਗੁਰਾਂ ਤੋਂ, ਸੇਵਾ ਸਿਦਕ ਸੀ ਜੀਵਨ ਆਧਾਰ ਉਹਦਾ।

ਨੱਥੂ ਪਾਤਸ਼ਾਹ ਗੁਰੂ ਪ੍ਰਤਾਪ ਸਿੰਘ ਜੀ, ਬਖਸ਼ੀ ਉਸ ਨੂੰ ਸੁੰਦਰ ਸੰਤਾਨ ਸੋਹਣੀ।
ਵਿਚ ਭਰੇ ਪ੍ਰਵਾਰ ਦੇ ਸੋਭਦੀ ਸੀ, ਮਿੱਠੇ ਬੋਲਦੀ ਬੋਲ ਜ਼ਬਾਨ ਸੋਹਣੀ।
ਸੋਹਣੀ ਸੂਰਤ ਉਹ ਰੱਬਦੀ ਰੱਖਦੀ ਸੀ, ਪਤੀ ਨਾਲ ਮਿਲ ਹੁੰਦੀ ਸੀ ਸ਼ਾਨ ਸੋਹਣੀ।
ਹਉਮੈ ਨਾਲ ਸੀ ਵੈਰ ਵਿਰੋਧ ਉਹਦਾ, ਦਾਨਵਾਨ ਸੀ, ਗੁਣਾਂ ਦੀ ਖਾਨ ਸੋਹਣੀ।
ਦੀਨਾਂ, ਦੁਖੀਆਂ, ਅਨਾਥਾਂ ਨੂੰ ਦਾਨ ਦੇਣਾ, ਹੈਸੀ ਨਿੱਤ ਦਾ ਇਹ ਕਿਰਦਾਰ ਉਹਦਾ।
ਘਰ ਆਏ ਸਵਾਲੀ ਨੂੰ ਮੋੜਨਾ ਨਹੀਂ, ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ।

ਫੂਲਾ ਸਿੰਘ ਨੂੰ ਪਿਤਾ ਸਮਾਨ ਜਾਤਾ, ਦਿਆਲ ਕੌਰ ਨੂੰ ਮਾਤਾ ਹੀ ਜਾਣਦੀ ਰਹੀ।
ਸੇਵਾ ਕਰਨ ਤੋਂ ਨਹੀਂ ਸੰਕੋਚ ਕੀਤਾ, ਤਾਈਓਂ ਸੁਖ ਸੰਸਾਰ ਤੇ ਮਾਣਦੀ ਰਹੀ।
ਸਿੱਖੀ ਵਿਚ ਸੰਤਾਨ ਪ੍ਰਪੱਕ ਕੀਤੀ, ਆਪਣੇ ਫਰਜ਼ ਨੂੰ ਪੂਰਾ ਪਛਾਣਦੀ ਰਹੀ।
ਜੀਵਨ ਆਪਣਾ ਸਮਝ ਅਨਮੋਲ ਦਾਤ, ਜੀਵਨ ਵਿਚ ਨਹੀਂ ਪਾਪ ਨੂੰ ਜਾਣਦੀ ਰਹੀ।
ਸ਼ੁਭ ਕਰਮਾਂ ਦੀ ਰਾਸ ਨੂੰ ਜੋੜਨੇ ਦਾ, ਬਣਿਆ ਜਨਮ ਤੋਂ ਰਿਹਾ ਵਿਚਾਰ ਉਹਦਾ।
ਪਾ ਕੇ ਪੂਰਨੇ ਜਾ ਪ੍ਰਲੋਕ ਵੱਸੀ, ਸੇਵਾ ਸਿਦਕ ਸੀ ਜੀਵਨ ਅਧਾਰ ਉਹਦਾ।

ਜੀਵਨ ਯਾਤਰਾ ਸਹਿਜ ਹੀ ਕਰ ਪੂਰੀ, 'ਕੱਤੀ 'ਰਮਤ ਨੂੰ ਸਵਰਗ ਸਿਧਾਰ ਗਈ ਉਹ।
ਸਿੱਖੀ ਸਿਦਕ ਸੁਆਸਾਂ ਦੇ ਨਾਲ ਨਿਭਿਆ, ਓੜਕ ਨਿਭੀ ਪ੍ਰੀਤ ਪ੍ਰਕਾਸ਼ ਗਈ ਕਰ ਉਹ।
ਸਿਮ੍ਰੀ-ਭਾਵ ਦੇ ਵਿਚ ਪ੍ਰਪੱਕ ਰਹਿਣਾ, ਇਹ ਪ੍ਰਭਾਵ ਕਰ ਵਿਚ ਪ੍ਰਵਾਨ ਗਈ ਉਹ।
ਜੀਵਤ ਮੰਨਿਆ ਆਪਣੇ ਸਾਹਿਬ ਤਾਈਂ, ਹੋ ਕੇ ਸੁਰਖਰੂ ਹੈ ਅੰਤਿ-ਵਾਰ ਗਈ ਉਹ।
ਮਾਇਆ ਵਿਚ ਰਹਿ, ਮਾਇਆ ਵਿਚ ਫਸੀ ਨਾਹੀਂ, ਰਾਜੇ ਜਨਕ ਦੇ ਵਾਂਗ ਵਿਹਾਰ ਉਹਦਾ।
'ਬਾਠ' ਸਿਫਤ ਕੀ ਕਰਾਂ ਮੈਂ ਸੋਹਣੀ ਦੀ, ਸੇਵਾ ਸਿਦਕ ਸੀ ਜੀਵਨ ਆਧਾਰ ਉਹਦਾ।


Sri Satguru Jagjit Singh Ji eLibrary NamdhariElibrary@gmail.com



ਤਾਲਕਟੋਰਾ ਇੰਨਡੋਰ ਸਟੇਡੀਅਮ ਨਵੀਂ ਦਿਲੀ ਵਿਖੇ, ਬੀਬੀ ਮਹਿੰਦਰ ਕੌਰ ਚਾਵਲਾ ਸ਼ਰਧਾਂਜਲੀ ਸਮਾਰੋਹ ਸਮੇਂ ਸ: ਹਰਵਿੰਦਰ ਸਿੰਘ ਹੰਸਪਾਲ ਐਮ. ਪੀ. ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿਚ ਆਪਣੇ ਵਿਚਾਰ ਪੇਸ਼ ਕਰ ਰਹੇ ਹਨ।



ਇਸ ਸਮਾਗਮ ਸਮੇਂ ਤਕਰੀਰ ਕਰਦੇ ਹੋਏ ਸ੍ਰੀ ਪ੍ਰੀਤਮ ਸਿੰਘ ਕਵੀ

Sri Satguru Jagjit Singh Ji eLibrary NamdhariElibrary@gmail.com

Registered No. NW/JL—353 MONTHLY WARIAM SEPTEMBER 1987
Registered with the registerar of News Papers for India No 26453/75



ਬੀਬੀ ਮਹਿੰਦਰ ਕੌਰ ਚਾਵਲਾ ਦੀ ਜੀਵ-ਆਤਮਾ ਨਮਿਤ ਦਿਲੀ ਦੇ ਤਾਲਕਟੋਰ ਇੰਨਡੋਰ ਸਟੇਡੀਅਮ ਵਿਚ ਸਮਾਗਮ ਹੋਇਆ। ਬੀਬੀ ਜੀ ਦੇ ਵਡੇ ਸਪੁਤਰ ਸੇਠ ਬਖਸ਼ੀਸ਼ ਸਿੰਘ (ਮਾਲਾ ਭੇਟ ਕਰਦੇ ਹੋਏ) ਅਤੇ ਹੋਰ ਬੱਚੇ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਸਤਿਕਾਰ ਭੇਟ ਕਰਨ ਲਈ ਹਾਜ਼ਰ ਹੋਏ।



ਬੀਬੀ ਜੀ ਦੀ ਯਾਦ ਵਿਚ ਹੋਏ ਮੇਲੇ ਸਮੇਂ ਸੰਗਤਾਂ ਲੰਗਰ ਛਕਦੀਆਂ ਹੋਈਆਂ।



Sri Satguru Jagjit Singh Ji eLibrary NamdhariElibrary@gmail.com